੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਆਸਤਕ ਤੇ ਨਾਸਤਕ

*ਲਿਖਤ :*

**ਭਾਈ ਸਾਹਿਬ ਰਣਧੀਰ ਸਿੰਘ**

੧ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਮੁੱਲ : 2-00


www.sikhbookclub.com

੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਆਸਤਕ ਤੇ ਨਾਸਤਕ

ਲਿਖਤ

ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

੨੩-ਜੀ, ਸਰਾਭਾ ਨਗਰ, ਲੁਧਿਆਣਾ

ਕਾਪੀ ਰਾਈਟ-ਬਲਬੀਰ ਸਿੰਘ

# ਮੁਖ ਬਚਨ

ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ੧੯੩੮ ਈ: ਵਿਚ 'ਪ੍ਰੀਤ ਲੜੀ' ਰਸਾਲੇ ਦੇ ਗੁਰਮਤਿ-ਵਿਰੋਧੀ ਗਲਤ ਲੇਖਾਂ ਦੇ ਉਤਰ ਵਿਚ ਬਹੁਤ ਸਾਰੇ ਲੇਖ ਲਿਖੇ ਸਨ, ਜੋ ਉਸ ਵੇਲੇ ਅੰਮ੍ਰਿਤਸਰ ਦੇ ਅਖ਼ਬਾਰ 'ਖਾਲਸਾ ਸਮਾਚਾਰ' ਤੇ 'ਖਾਲਸਾ ਐਡਵੋਕੇਟ' ਵਿਚ ਛਪਦੇ ਰਹੇ ਹਨ। ਇਨ੍ਹਾਂ ਲੇਖਾਂ ਨੂੰ ਉਨ੍ਹਾਂ ਅਖ਼ਬਾਰਾਂ ਤੋਂ ਨਕਲ ਕਰ ਕੇ ਟਰੈਕਟਾਂ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤਾ ਗਿਆ ਹੈ। ਪਹਿਲਾ ਟਰੈਕਟ 'ਆਸਤਕ ਤੇ ਨਾਸਤਕ' ਨਾਮ ਦਾ ਹੈ, ਜਿਸ ਦੀ ਹੁਣ ਤੀਜੀ ਐਡੀਸ਼ਨ ਛਪੀ ਹੈ। ਦੂਜਾ ਟਰੈਕਟ ਏਨ੍ਹਾਂ ਲੇਖਾਂ ਸੰਬੰਧੀ 'ਨਾਮ ਸੰਬੰਧੀ ਵਿਚਾਰ' ਹੈ, ਜੋ ਕੁਝ ਮਹੀਨੇ ਹੋਏ, ਛਪ ਚੁਕਾ ਹੈ। ਤੀਜਾ ਟਰੈਕਟ 'ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ' ਹੈ, ਜੋ ਛਪ ਰਿਹਾ ਹੈ। ਏਨ੍ਹਾਂ ਟਰੈਕਟਾਂ ਨੂੰ ਪੜ੍ਹ ਕੇ ਪਾਠਕਾਂ ਨੂੰ ਪਤਾ ਲਗ ਜਾਏਗਾ ਕਿ 'ਪ੍ਰੀਤ ਲੜੀ' ਰਸਾਲਾ ਕਿਤਨਾ ਭੁਲੇਖਾ-ਪਾਊ ਤੇ ਗ਼ਲਤ ਖ਼ਿਆਲਾਂ ਦਾ ਪ੍ਰਚਾਰਕ ਹੈ। ਸਿਖ ਕੌਮ ਦੀ ਬਦਕਿਸਮਤੀ ਹੈ, ਜਿਸ ਵਿ ਇਸ ਤਰ੍ਹਾਂ ਦੇ ਪਖੰਡ-ਫੈਲਾਊ ਗਲੇਫਵੇਂ ਢੰਗ ਦੀ ਲਿਖਤ ਵਾਲੇ ਰਸਾਲ ਵੀ ਚਿਰ ਤਕ ਜਾਰੀ ਰਹਿ ਸਕਦੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਪੱਛਮੀ ਵਿਦਿਆ ਦੇ ਗ਼ਲਤ ਅਸਰ ਦੇ ਕਾਰਨ ਪਾਠਕਾਂ ਵਿਚ ਲੰਮੀ ਸੋਚ ਤੇ ਡੂੰਘੀ ਖੋਜ ਤੇ ਪਰਖ ਦੀ ਤਾਕਤ ਕਿਤਨੀ ਕਮਜ਼ੋਰ ਹੈ।

੧ ਮਾਰਚ ੧੯੬੭ ਨਾਹਰ ਸਿੰਘ ਗਿਆਨੀ

ਛੇਵੀਂ ਵਾਰ ਅਗਸਤ 2000

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

੧ੳ ਸਤਿਗੁਰਪ੍ਰਸਾਦਿ ॥

# ਆਸਤਕ ਤੇ ਨਾਸਤਕ

## (੧) ਆਸਤਕ ਦੇ ਲੱਛਣ–

ਜਨਵਰੀ ੧੯ ਦੇ 'ਪ੍ਰੀਤ ਲੜੀ' ਰਸਾਲੇ ਅੰਦਰ ਪੰਨਾ ੮ ਉਤੇ ਇਕ ਲੇਖ 'ਨਾਸਤਕ ਅਤੇ ਆਸਤਕ' ਦੇ ਅਨੁਵਾਨ ਹੇਠ ਛਪਿਆ ਹੈ, ਇਸ ਵਿਚ ਲੇਖਕ ਜੀ ਨੇ ਮਨ-ਮੰਨੀ ਆਸਤਕਤਾ, ਵਾਸਤਵ ਵਿਚ ਨਾਸਤ-ਕਤਾ ਦਾ ਪ੍ਰਚਾਰ ਕੀਤਾ ਹੈ। ਆਪ ਨੇ ਆਸਤਕ ਦੀ ਮਨ-ਮੰਨੀ ਡੇਫ਼ੀਨੇਸ਼ਨ (ਤਾਰੀਫ਼) ਇਸ ਲੇਖ ਅੰਦਰ ਇਹਨਾਂ ਲਫ਼ਜ਼ਾਂ ਦੁਆਰਾ ਕੀਤੀ ਹੈ–

"ਆਸਤਕ ਉਹ ਹੈ ਜਿਹੜਾ ਆਪਣੇ ਆਪ ਨਾਲੋਂ ਬਾਹਰਲੀ ਕਿਸੇ ਸ਼ਕਤੀ ਨੂੰ ਮੰਨਦਾ ਹੈ, ਬ੍ਰਹਿਮੰਡ ਦੇ ਨਜ਼ਾਮ ਵਿਚ ਕਿਸੇ ਅਟੱਲ ਨੇਮ ਵਿਚ ਯਕੀਨ ਰਖਦਾ ਹੈ ਤੇ ਇਸ ਨੇਮ ਤੇ ਯੁਕਤੀ ਨੂੰ ਸਤਿਕਾਰ ਭਰੇ ਅਚੰਭੇ ਨਾਲ ਵਿਚਾਰਦਾ ਹੈ।"

ਲੇਖਕ ਜੀ ਦੇ ਨਜ਼ਦੀਕ ਸਿਰਫ਼ ਇਹ ਤਿੰਨੇ ਸ਼ਰਤਾਂ ਆਸਤਕ ਦੀਆਂ ਹਨ। ਆਸਤਕ ਦੀਆਂ ਇਹਨਾਂ ਸ਼ਰਤਾਂ ਦਾ ਸਿਰਫ਼ ਓਹੀ ਸ਼ਖ਼ਸ ਕਾਇਲ ਹੋ ਸਕਦਾ ਹੈ ਜੋ ਏਸ ਲੇਖਕ ਦੀਆਂ ਲਿਖਤਾਂ ਦੀ ਅਥਾਰਿਟੀ ਦਾ ਕਾਇਲ ਹੋਵੇ। ਇਹ ਇਕ ਅਲਪੱਗ ਬੁੱਧੀ ਦੀਆ ਨਿਜ-ਦਲੀਲੀ ਸ਼ਰਤਾਂ ਹਨ ਜੋ ਸਰਬ ਸ਼ਿਰੋਮਣੀ ਸਰਬੱਗ ਮਹਾਂ ਪੁਰਖਾ ਦੇ ਦਰਸਾਏ ਆਸਤਕਤਾ ਦੇ ਅਸੂਲਾਂ ਦੀ ਕਸੌਟੀ ਤੇ ਪਰਖ ਕੇ ਨਿਰੀਆਂ ਊਰੀਆਂ ਤੇ ਅਧੂਰੀਆਂ ਸਾਬਤ ਹੁੰਦੀਆਂ ਹਨ। ਖਾਸ ਕਰ ਗੁਰਸਿਖਾਂ ਨੂੰ ਤਾਂ ਇਹ ਆਸਤਕਤਾ ਦੀ ਤਾਅਰੀਫ਼ ਉੱਕੀ ਹੀ ਗੁਮਰਾਹ ਕਰਨਹਾਰੀ ਹੈ। ਗੁਰਸਿੱਖੀ ਦੀ ਸ਼ਰਧਾ ਰਖਣਹਾਰਿਆਂ ਨੂੰ ਗੁਰਸਿੱਖੀ ਦੇ ਫੰਡੇਮੈਂਟਲ (ਬੁਨਿਆਦੀ) ਅਸੂਲਾਂ ਤੋਂ

ਆਸਤਕਤਾ ਦਾ ਇਹ ਇਜ਼ਹਾਰ ਉੱਕਾ ਹੀ ਅਸ਼ਰਧਕ ਕਰਾਉਣਹਾਰਾ ਹੈ। ਗੁਰਮਤਿ (ਗੁਰਸਿੱਖੀ) ਦੇ ਬੁਨਿਆਦੀ ਅਸੂਲਾਂ ਅਨੁਸਾਰ ਨਿਰਾ ਓਹੀ ਪੁਰਸ਼ ਆਸਤਕ ਨਹੀਂ ਜੋ ਉਪਰਲੀ ਡੈਫ਼ੀਨੇਸ਼ਨ ਅਨੁਸਾਰ ਆਪਣੇ ਆਪ ਨਾਲੋਂ ਬਾਹਰਲੀ ਕਿਸੇ ਸ਼ਕਤੀ ਨੂੰ ਮੰਨਦਾ ਹੈ। ਨਿਰਾ ਫ਼ਰਜ਼ੀ ਅਤੇ ਫੋਕੀ ਕਿਸੇ ਸ਼ਕਤੀ ਨੂੰ ਨਿਰਾ ਅਨੁਮਾਨ ਮਾਤਰ ਹੀ ਮੰਨ ਲੈਣਾ ਉਸ ਪੁਰਸ਼ ਨੂੰ ਆਸਤਕ ਨਹੀਂ ਬਣਾ ਸਕਦਾ। ਬਲਕਿ ਆਸਤਕ ਤੇ ਸ਼ਰੇ ਆਸਤਕ ਪੁਰਸ਼ ਨੂੰ ਸਰਬ ਸ਼ਕਤੀਮਾਨ ਇਕੋ ਅਕਾਲ ਪੁਰਖ ਉਤੇ ਈਮਾਨ ਲਿਆਉਣਾ ਪਰਮ ਜ਼ਰੂਰੀ ਅਤੇ ਲਾਜ਼ਮੀ ਹੈ। ਗੁਰਮਤਿ ਆਸਤਕਤਾ ਦਾ ਇਹ ਮੁੱਖ ਆਦਰਸ਼ ਅਸੂਲ ਹੈ, ਪਰ ਲੇਖਕ ਦੀ ਮਨ-ਮੰਨੀ ਆਸਤਕਤਾ ਦੀ ਇਹ ਪਹਿਲੀ ਸ਼ਰਤ ਕਿ— "ਆਸਤਕ ਉਹ ਹੈ ਜਿਹੜਾ ਆਪਣੇ ਆਪ ਨਾਲੋਂ ਕਿਸੇ ਬਾਹਰਲੀ ਸ਼ਕਤੀ ਨੂੰ ਮੰਨਦਾ ਹੈ" ਗੁਰਮਤਿ ਦੇ ਉਪਰ ਦਰਸਾਏ ਆਸਤਕਤਾ ਦੇ ਆਦਰਸ਼ ਅਨੁਸਾਰ ਪੂਰੀ ਨਹੀਂ ਉਤਰਦੀ। ਕਿਥੇ ਇਕ ਅਕਾਲ ਪੁਰਖ ਉਤੇ ਈਮਾਨ ਲਿਆਉਣ ਵਾਲੀ ਅਤੇ ਇਸ ਇਕੋ ਅਕਾਲ ਪੁਰਖ ਨੂੰ ਸਰਬ ਸ਼ਕਤੀਮਾਨ ਮੰਨਣ ਵਾਲੀ ਗੁਰਮਤਿ ਸ਼ਰਧਾ, ਅਤੇ ਕਿਥੇ ਨਿਰੀ ਕਿਸੇ ਚਪਲ ਖ਼ਿਆਲਣੀ ਯੁਕਤੀ ਦਾ ਖ਼ਿਆਲ ਮਾਤਰ ਅਨੁਮਾਨ। ਆਪਣੇ ਆਪ ਨਾਲੋਂ ਬਾਹਰਲੀਆਂ ਤਾਂ ਅਨੇਕਾਂ ਹੀ ਮਨ-ਕਲਪਤ ਸ਼ਕਤੀਆਂ ਅਲਪਗ ਬੁੱਧੀ ਦੇ ਲੋਕਾਂ ਨੇ ਕਲਪਤ ਕੀਤੀਆਂ ਹੋਈਆਂ ਹਨ, ਜਿਨ੍ਹਾਂ ਨੂੰ ਕਲਪ ਕਲਪ ਕੇ ਉਹ ਆਸ-ਤਕ ਕਦੇ ਨਹੀਂ ਬਣ ਸਕਦੇ। ਆਪੋ ਆਪਣੇ ਖ਼ਿਆਲਾਂ ਅਨੁਸਾਰ ਕਿਸੇ ਖ਼ਿਆਲੀ ਸ਼ਕਤੀ ਦੇ ਬੁੱਤ ਪੂਜ (idolist) ਹੋ ਸਕਦੇ ਹਨ, ਪਰ ਆਸਤਕ ਨਹੀਂ ਕਹਾ ਸਕਦੇ।

ਚੰਗਾ ਹੋਵੇ ਜੇ ਲੇਖਕ ਜੀ ਆਪਣੇ ਆਪ ਨਾਲੋਂ ਬਾਹਰਲੀ ਕਿਸੇ ਸ਼ਕਤੀ ਨੂੰ ਮੰਨਣ ਦੀ ਖੇਚਲ ਕਰਨ ਦੀ ਥਾਂ ਆਪਣੇ ਆਪ ਦੀ ਅੰਦਰਲੀ ਸ਼ਕਤੀ ਨੂੰ ਹੀ ਮੰਨ ਲੈਣ, ਪਰ ਇਸ ਬਿਧਿ ਮੰਨਣ ਨਾਲ ਉਨ੍ਹਾਂ ਉਤੇ ਆਪਾ-ਪ੍ਰਸਤ ਹੋਣ ਦਾ ਦੂਸ਼ਨ ਆ ਜਾਂਦਾ ਹੈ। ਤਾਂ ਤੇ ਓਹ ਆਪ ਆਪਾ-ਪ੍ਰਸਤੀ ਦੇ ਦੂਸ਼ਨ ਤੋਂ ਰਹਿਤ ਹੋਣ ਲਈ ਸ਼ਕਤੀ-ਪ੍ਰਸਤੀ ਦਾ ਪਰਚਾਰ ਕਰਨਾ ਹੀ ਆਸਤਕ ਬਣਨ ਦਾ ਮੂਲ ਲਛਣ ਗਰਦਾਨਦੇ ਹਨ। ਨਾਸਤਕ ਬਣਨ ਦੇ

ਦੂਸ਼ਨ ਤੋਂ ਤਾਂ ਉਹ ਬੇਸ਼ਕ (ਇਸ ਬਿਉਂਤ ਨਾਲ) ਬਚ ਸਕਦੇ, ਪਰ ਬੁੱਤ-ਪ੍ਰਸਤ ਯਾ ਕੁਦਰਤ-ਪ੍ਰਸਤ ਗਰਦਾਨੇ ਜਾਣ ਦੇ ਦੂਸ਼ਨ ਤੋਂ ਕਦੇ ਨਹੀਂ ਬਚ ਸਕਦੇ।

ਗੁਰਮਤਿ ਅਨੁਸਾਰ ਕੁਦਰਤ ਦਾ ਕਾਦਰ ਕਰਤਾ ਪੁਰਖ ਮੰਨਣਾ ਆਸਤਕ ਪੁਰਖ ਲਈ ਬੜਾ ਜ਼ਰੂਰੀ ਹੈ। ਪ੍ਰੀਤ ਲੜੀ ਦੇ ਸੰਪਾਦਕ, ਕਰਤਾ ਪੁਰਖ ਸਰਬ ਸ਼ਕਤੀਮਾਨ ਤੇ ਕਾਦਰੇ ਮੁਤਲਕ ਦੀ ਹਸਤੀ ਨੂੰ ਮੰਨਣੋਂ ਉਕੇ ਹੀ ਮੁਨਕਰ ਹਨ ਅਤੇ ਕਰਤੇ ਪੁਰਖ ਕਾਦਰੇ ਮੁਤਲਕ ਨੂੰ ਨਾ ਮੰਨਣ ਵਾਲਾ ਗੁਰਮਤਿ ਅਨੁਸਾਰ ਕੋਰਾ ਨਾਸਤਕ ਦਹਿਰੀਆ ਪੁਰਸ਼ ਹੈ। ਦੇਖੋ ਲੇਖਕ ਜੀ ਅਗੇ ਚਲ ਕੇ ਇਸ ਨਿਜ ਮਨ-ਮੰਨੀ ਸ਼ਕਤੀ ਤੋਂ ਭੀ ਮੁਨਕਰ ਹੋ ਜਾਂਦੇ ਹਨ, ਉਹ ਲਿਖਦੇ ਹਨ–"ਇਸ ਸ਼ਕਤੀ ਦੀ ਪੂਜਾ ਕਰਨ ਜਾਂ ਨਾ ਕਰਨ, ਇਸ ਸ਼ਕਤੀ ਦੇ ਦਰਸ਼ਨਾਂ ਲਈ ਬੇਤਾਬ ਹੋਣ ਯਾ ਨਾ ਹੋਣ ਨਾਲ ਉਸ ਦੀ (ਆਸਤਕ ਦੀ) ਸ਼ਰੇਣੀ ਨਹੀਂ ਬਦਲ ਜਾਂਦੀ।"

ਬਦਲਦੀ ਕਿਉਂ ਨਹੀਂ ? ਫੌਰਨ ਬਦਲ ਜਾਂਦੀ ਹੈ। ਸ਼ਕਤੀ ਦੀ ਪੂਜਾ ਕਰਨ ਨਾਲ ਉਹ ਸ਼ਕਤੀ ਦਾ ਪੁਜਾਰੀ ਕਹਾਏਗਾ ਅਤੇ ਪੂਜਾ ਨਾ ਕਰਨ ਨਾਲ ਉਹ ਸ਼ਕਤੀ ਦੇ ਇਤਕਾਦ ਦਾ ਇਕ ਵਿਖਾਵਾ ਕਰਨ ਵਾਲਾ ਸਦਾਏਗਾ। ਸ਼ਕਤੀ ਦੀ ਪ੍ਰਾਰਥਨਾ ਕਰਨ ਨਾਲ ਉਹ ਉਕਤ ਸ਼ਕਤੀ ਨੂੰ ਕੋਈ ਸ਼ਕਤੀ ਸੰਪੰਨ ਵਾਸਤਵੀ ਸਰੂਪ ਅਰੋਪੇਗਾ ਅਤੇ ਨਾ ਪ੍ਰਾਰਥਨਾ ਕਰਨ ਨਾਲ ਉਹ ਸ਼ਕਤੀ ਨੂੰ ਇਕ ਨਿਪੁੰਸਕ, ਇਨਰਟ ਸਬਸਟਾਂਨਸ (inert substance) (ਅਨਾਤਮ ਪਦਾਰਥ) ਸਮਝੇਗਾ। ਸ਼ਕਤੀ ਦੇ ਦਰਸ਼ਨਾਂ ਲਈ ਬੇਤਾਬ ਹੋਣ ਨਾਲ ਉਹ ਉਕਤ ਸ਼ਕਤੀ ਦਾ ਸੱਚਾ ਦਰਸ-ਪ੍ਰੇਮੀ, ਆਸ਼ਕ, ਸਾਦਕ ਕਹਾਏਗਾ ਅਤੇ ਨਾ ਬੇਤਾਬ ਹੋਣ ਨਾਲ ਉਹ ਸ਼ਕਤੀ ਦਾ ਕੱਚਾ ਉਪਾਸ਼ਕ ਸਦਾਏਗਾ।

ਲਿਖਾਰੀ ਦੀ ਉਪਰ ਦਿਤੀ ਕੁਟੇਸ਼ਨੀ ਇਬਾਰਤ, ਨਿਰੀ ਮਿਠਾਸ-ਗਲੇਫਵੀਂ ਹੋਣ ਤੋਂ ਪੜ੍ਹਨ-ਹਾਰਿਆਂ ਨੂੰ, ਲੇਖਕ ਦਾ ਦਿਲੀ ਮਨਸ਼ਾ ਓਹਲੇ ਵਿਚ ਰਖਦਾ ਹੈ। ਉਸ ਦੀ ਉਪਰਲੀ ਇਬਾਰਤ ਤੋਂ ਅਸਲ ਪਾਜ ਇਹ ਉਘੜਦਾ ਹੈ ਕਿ ਮਹਿਜ਼ ਅਨੁਮਾਨਕ ਸ਼ਕਤੀ ਦੇ ਇਸ ਪਾਜ ਇਤਕਾਦ ਵਾਲੇ

ਲੇਖਕ ਨੂੰ ਸ਼ਕਤੀ ਦੇ ਕਿਸੇ ਵਾਸਤਵੀ ਸਰੂਪ ਉਤੇ ਯਕੀਨ ਈਮਾਨ, ਭਰੋਸਾ ਉਕਾ ਹੀ ਨਹੀਂ, ਤਾਂ ਤੇ ਉਹ ਆਸਤਕ ਨਹੀਂ ਸਾਬਤ ਹੋਇਆ। ਇਸ ਉਪਰ ਲਿਖੀ ਇਬਾਰਤ ਅੰਦਰ ਇਸ ਗ਼ਲਤ-ਯਕੀਨੀ ਦਾ ਅੰਤਰੀਵ ਅੰਦੀਆ ਇਕ ਕੋਝੇ ਤਰੀਕੇ ਨਾਲ ਗੁਰਮਤਿ ਆਸਤਕਤਾ ਦੇ ਤੱਤ ਅਸੂਲਾਂ ਉਤੇ ਉਦੰਕਦ ਕਰਨਾ ਹੈ। ਗੁਰਮਤਿ ਅੰਦਰ ਅਕਾਲ ਪੁਰਖ ਨੂੰ ਨਾਮ ਭਗਤੀ ਭਾਵ ਦੁਆਰਾ ਪੂਜਣਾ ਪ੍ਰਤਿਸ਼ਟਣਾ ਸਰਬਗ ਗੁਰੂ ਸਾਹਿਬਾਨ ਦਾ ਦ੍ਰਿੜ੍ਹਾਇਆ ਇਕ ਅਮੋਲਕ ਤੱਤ-ਦਰਸੀ ਅਸੂਲ ਹੈ, ਪਰ ਇਹ ਲੇਖਕ ਉਕਤ ਅਸੂਲ ਦਾ ਗੱਜ ਵੱਜ ਕੇ ਖੰਡਨ ਕਰਦਾ ਹੈ।

## (੨) ਪ੍ਰਾਰਥਨਾ ਤੇ ਧਰਮ ਪਰ ਨਿਸਚਾ ਕਰਨਾ–

ਅਰਦਾਸ ਤੇ ਪ੍ਰਾਰਥਨਾ ਕਰਨਾ ਗੁਰਮਤਿ ਦਾ ਇਕ ਉੱਘਾ ਅਤੇ ਨਿੱਖਰਵਾਂ ਅਸੂਲ ਹੈ, ਜਿਸ ਨੂੰ ਥਾਉਂ ਥਾਈਂ ਗੁਰਬਾਣੀ ਅੰਦਰ ਦਰ-ਸਾਇਆ ਤੇ ਦ੍ਰਿੜ੍ਹਾਇਆ ਹੈ, ਪੁੰਤੂ ਪ੍ਰੀਤ ਲੜੀ ਦੇ ਲਿਖਾਰੀ ਇਸ ਪ੍ਰਾਰਥਨਾ ਦੇ ਮੰਨੇ ਪ੍ਰਮੰਨੇ ਗੁਰਮਤਿ ਅਸੂਲ ਤੋਂ ਗੁਰਸਿੱਖਾਂ ਨੂੰ ਮੁਨਹਰਫ਼ ਕਰਾਂਦਿਆ ਲੋੜਦੇ ਹਨ, ਜੋ ਵਾਹਿਗੁਰੂ ਅਕਾਲ ਪੁਰਖ ਦੇ ਦਰਸ਼ਨਾਂ ਦੀ ਪ੍ਰਾਪਤੀ ਦਾ ਇਕੋ ਇਕ ਆਦਰਸ਼-ਵਿਲੱਖਣੀ-ਅਸੂਲ ਹੈ। ਮਨੁੱਖਾ ਜਨਮ ਦਾ ਲਾਹਾ ਹੀ ਦਰਸ਼ਨਾਂ ਦੀ ਲਖਤਾ ਵਿਚ ਹੈ। ਦਰਸ਼ਨਾਂ ਦੀਆਂ ਲੋਟ-ਪੋਟੀ ਸਿਕਾਂ, ਗੁਰਮਤਿ ਪ੍ਰੇਮਾ ਭਗਤੀ ਦੀਆਂ ਮੁੱਖ-ਆਤਮ-ਤਰੰਗੀ ਮੰਗਾਂ ਹਨ, ਜਿਨ੍ਹਾਂ ਨੂੰ ਕਿ ਦਰਸ-ਤਾਂਘਾਂ ਤੋਂ ਘੁੱਥੇ ਲੋਕ ਮਸ਼ੋਲ ਕਰਦੇ ਹੋਏ ਪ੍ਰੇਮੀਆਂ ਨੂੰ ਪ੍ਰੇਮ ਮਾਰਗ ਤੋਂ ਹਕਾਰਤ ਭਰੀ ਨਫ਼ਰਤ ਦਿਵਾਉਂਦੇ ਹਨ।

ਇਸ ਤਰ੍ਹਾਂ ਦੀਆਂ ਲਿਖਤਾਂ ਨਿਰਾ ਨਾਸਤਕਤਾ ਦਾ ਪ੍ਰਚਾਰ ਕਰ-ਦੀਆਂ ਹਨ। ਦੇਖੋ ਏਦੂੰ ਅਗੇ ਲੇਖਕ ਸਾਫ਼ ਲਫਜ਼ਾਂ ਵਿਚ ਲਿਖਦਾ ਹੈ– "ਆਸਤਕ ਲਈ ਕੋਈ ਜ਼ਰੂਰੀ ਨਹੀਂ ਕਿ ਉਹ ਕਿਸੇ ਮਜ਼੍ਹਬ ਦਾ ਪੈਰੋ ਹੋਵੇ, ਯਾ ਕਿਸੇ ਪੈਗੰਬਰ ਅਵਤਾਰ ਯਾ ਗ੍ਰੰਥ ਪਰ ਈਮਾਨ ਲਿਆਵੇ।" ਦੇਖਿਆ! ਇਸ ਆਸਤਕਤਾ ਵਿਚ ਕੈਸੀ ਨਾਸਤਕਤਾ ਭਰੀ ਹੋਈ ਹੈ, ਜੋ ਸਪਸ਼ਟ ਅਖਰਾਂ ਵਿਚ ਲਾ-ਮਜ਼ਹਬ ਹੋਣ ਵਾਲੇ ਨਾਸਤਕ-ਪੁਣੇ ਦਾ ਪਰਚਾਰ ਹੈ।

 www.sikhbookclub.com

ਮਜ਼੍ਹਬ ਯਾ ਰਿਲੀਜ਼ਨ, ਰੱਬ, ਹੈ ਤਾਂ ਓਹੀ ਹੈ। ਮਜ਼ਹਬ ਤੋਂ ਮੁਨਹਰਫ਼ ਹੋਣਾ ਹੀ ਨਾਸਤਕਤਾ ਹੈ। ਜੇ ਲਾ-ਮਜ਼ਹਬ ਹੋਣਾ ਨਾਸਤਕਤਾ ਨਹੀਂ ਤਾਂ ਹੋਰ ਆਸਤਕਤਾ ਹੀ ਕਿਸ ਗੱਲ ਵਿਚ ਹੈ ? ਬੇਸ਼ਕ ਤਅੱਸਬ ਆਸਤਕਪੁਣਾ ਨਹੀਂ ਕਿਹਾ ਸਕਦਾ, ਪਰ ਮਜ਼ਹਬੋਂ ਲਾ-ਮਜ਼ਹਬ ਹੋਣਾ ਅਤੇ ਕਿਸੇ ਮਜ਼ਹਬ ਨੂੰ ਵੀ ਨਾ ਮੰਨਣਾ ਨਾਸਤਕਪੁਣੇ ਦੀ ਪੱਕੀ ਨਿਸ਼ਾਨੀ ਹੈ। ਸੋ ਆਸਤਕ ਲਈ ਪਰਮ ਜ਼ਰੂਰੀ ਹੈ ਕਿ ਉਹ ਮਜ਼ਹਬ ਦਾ ਪੈਰੋਕਾਰ ਹੋਵੇ, ਨਹੀਂ ਤਾਂ ਉਹ ਨਾਸਤਕ ਹੀ ਹੈ।

ਹੰਕਾਰੀ, ਆਪਣੀ ਬੁਧੀ ਦੇ ਤਿਮਰ ਅੰਧਿਆਰੇ ਵਿਚ ਆਪਣੀ ਅਲਪਗ ਸਮਝ ਕਰਕੇ ਸਰਬੱਗ ਮਹਾਂ ਪੁਰਖਾਂ ਦੇ ਦਰਸਾਏ ਪਰਮ ਮਾਰਗ ਰੂਪੀ ਮਜ਼ਹਬ ਦੀ ਗੰਮਤਾ ਨੂੰ ਪਹੁੰਚ ਨਹੀਂ ਸਕਦੇ, ਉਲਟਾ ਮਜ਼ਹਬ ਨੂੰ ਖੰਡਨ ਕਰਨ ਦੀ ਕੋਸ਼ਿਸ਼ ਵਿਚ ਪੈ ਕੇ ਖੀਨ ਹੁੰਦੇ ਹਨ। ਕਿੰਚਤ ਕਾਲ ਲਈ ਚੰਦ-ਇਕ ਸਿਧੇ ਸਾਦੇ ਪੁਰਸ਼ਾਂ ਨੂੰ ਧਰਮ ਮਾਰਗ ਤੋਂ ਗੁਮਰਾਹ ਕਰਨ ਵਿਚ ਕਾਮਯਾਬ ਤਾਂ ਹੋ ਜਾਂਦੇ ਹਨ ਅਤੇ ਆਪਣੀ ਫੋਕੀ ਦਲੀਲ-ਬਾਜ਼ੀ ਦੇ ਮਗਰ ਭੀ ਉਨ੍ਹਾਂ ਨੂੰ ਲਾ ਲੈਂਦੇ ਹਨ, ਪ੍ਰੰਤੂ ਵਾਸਤਵ ਵਿਚ ਖ਼ੁਦ ਵੀ ਸਚਾਈ ਤੋਂ ਦੂਰ ਰਹਿੰਦੇ ਹਨ ਅਤੇ ਦੂਜਿਆਂ ਨੂੰ ਦੂਰ ਰਖਦੇ ਹਨ. ਭੋਲੇ ਭਾਲੇ ਗੁਰ-ਸਿੱਖਾਂ ਨੂੰ ਆਪਣੀਆਂ ਗੁਮਰਾਹਕੁਨ ਲੇਖਣੀਆਂ ਦੁਆਰਾ ਨਿਜ ਤਾਈਂ ਆਸਤਕਤਾ ਦਾ ਪ੍ਰਤਿਪਾਲਕ ਦੱਸ ਦੱਸ ਪਤਿਆਉਂਦੇ ਹਨ। ਅਸਲ ਵਿਚ ਨਾਸਤਕਤਾ ਦਾ ਪ੍ਰਚਾਰ ਕਰਦੇ ਹਨ। ਦੇਖੋ ! ਲੇਖਕ ਸਾਫ਼ ਅਖਰਾਂ ਵਿਚ ਲਿਖਦਾ ਹੈ ਅਤੇ ਕੋਈ ਵਲ ਫੇਰ ਭੀ ਨਹੀਂ ਪਾਉਂਦਾ, "ਆਸਤਕ ਲਈ ਜ਼ਰੂਰੀ ਨਹੀਂ ਕਿ ਉਹ ਕਿਸੇ ਮਜ਼ਹਬ ਦਾ ਪੈਰੋ ਯਾ ਕਿਸੇ ਪੈਗੰਬਰ ਅਵਤਾਰ ਯਾ ਗ੍ਰੰਥ ਵਿਚ ਈਮਾਨ ਲਿਆਵੇ।" ਹੁਣ ਸੋਚੋ ਜੋ ਪੁਰਸ਼ ਤੁਸਾਂ ਨੂੰ ਧਰਮ ਅਵਤਾਰ ਅਤੇ ਧੁਰੋਂ ਆਏ ਸਤਿਗੁਰੂ ਅਤੇ ਸਤਿਗੁਰੂ ਦੀ ਧੁਰੋਂ ਆਈ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਸ਼ਰਧਕ ਕਰਾਉਂਦਾ ਹੈ, ਕੀ ਉਹ ਆਸਤਕਤਾ ਦਾ ਉਪਦੇਸ਼ ਕਰਦਾ ਹੈ ਅਤੇ ਕੀ ਏਸ ਉਪਦੇਸ਼ ਨੂੰ ਗ੍ਰਹਿਣ ਕਰ ਕੇ ਸਿੱਖ ਆਸਤਕ ਰਹਿ ਸਕਦੇ ਹਨ ?

"ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੩॥"*
ਵਾਲੇ ਗੁਰਵਾਕ ਅਨੁਸਾਰ ਵਾਹਿਗੁਰੂ ਪਰਮਾਤਮਾ ਨਾਲ ਮਿਲਾਉਣ ਆਏ, ਰੱਬ ਦਾ ਰਾਹ ਦਰਸਾਉਣ ਆਏ ਸਤਿਗੁਰਾਂ ਤੋਂ ਬੇਮੁਖ ਕਰਾ ਕੇ ਉਹ ਨਾਸਤਕਤਾ ਦਾ ਪ੍ਰਚਾਰ ਨਹੀਂ ਕਰਦੇ ਤਾਂ ਹੋਰ ਕੀ ਕਰਦੇ ਹਨ ? ਸਾਫ਼ ਰੱਬ ਦੀ ਹਸਤੀ ਤੋਂ ਮੁਨਕਰ ਕਰਾਉਂਦੇ ਹਨ। ਰੱਬ ਤੋਂ ਮੁਨਕਰਾਂ ਅਤੇ ਮੁਨਕਰ ਕਰਾਉਣਹਾਰਿਆਂ ਦਾ ਨਾਉਂ ਹੀ ਨਾਸਤਕ ਹੁੰਦਾ ਹੈ।

'ਪ੍ਰੀਤ ਲੜੀ' ਦੇ ਅਨੇਕਾਂ ਪਿਛਲੇ ਲੇਖਾਂ ਵਿਚ ਐਡੀਟਰ ਇਸ ਪ੍ਰਕਾਰ ਸਪਸ਼ਟ ਲਿਖ ਚੁੱਕਾ ਹੈ ਕਿ ਨਾ ਕੋਈ ਗੁਰੂ ਹੈ ਨਾ ਪੈਗ਼ੰਬਰ, ਨਾ ਕੋਈ ਧੁਰੋਂ ਆਈ ਬਾਣੀ ਹੈ ਨਾ ਇਲਾਹੀ ਕਲਾਮ, ਆਦਿ। ਅਜਿਹੇ ਕਈ ਉਸ ਦੀਆਂ ਲਿਖਤਾਂ ਦੇ ਹਵਾਲੇ ਦੇ ਕੇ ਉਸਦੀ ਇਹ ਨਾਸਤਕਤਾ ਉਸ ਦੀਆਂ ਆਪਣੀਆਂ ਲਿਖਤਾਂ ਵਿਚੋਂ ਹੀ ਸਿਧ ਕੀਤੀ ਜਾ ਸਕਦੀ ਹੈ, ਫੇਰ ਉਸਨੂੰ ਆਪਣੀ ਨਾਸਤਕਤਾ ਤੋਂ ਇਨਕਾਰ ਕਰਨ ਦਾ ਕਿਵੇਂ ਹੀਆ ਹੋ ਸਕਦਾ ਹੈ। ਗੱਲਾਂ ਉਸ ਦੇ ਮੂੰਹੋਂ ਕਹਾਉਣ ਦੀ ਲੋੜ ਨਹੀਂ, ਉਸਦੀਆਂ ਲਿਖਤਾਂ ਤੋਂ ਹੀ ਉਸ ਦੇ ਵਿਸ਼ਵਾਸ ਨੂੰ ਪਛਾਣੋ।

ਆਸਤਕ ਦੀ ਦੂਜੀ ਸ਼ਰਤ ਪ੍ਰੀਤ ਲੜੀ ਦੇ ਐਡੀਟਰ ਦੇ ਆਪਣੇ ਲਫ਼ਜ਼ਾਂ ਵਿਚ ਇਹ ਹੈ–"ਆਸਤਕ ਉਹ ਹੈ ਜਿਹੜਾ ਬ੍ਰਹਿਮੰਡ ਦੇ ਨਿਜ਼ਾਮ ਵਿਚ ਕਿਸੇ ਅਟੱਲ ਨੇਮ ਵਿਚ ਯਕੀਨ ਰਖਦਾ ਹੈ।"

ਕੈਸੀ ਹਾਸੋਹੀਣੀ ਸੂਰਤ ਹੈ, ਜੋ ਸ਼ਖ਼ਸ ਬ੍ਰਹਿਮੰਡ ਦੇ ਨਿਜ਼ਾਮ ਰਖਣ ਵਾਲੇ ਮੁਨਤਜ਼ਿਮ ਅਤੇ ਨਾਜ਼ਮ ਉਤੇ ਯਕੀਨ ਨਹੀਂ ਰਖਦਾ, ਉਸਦਾ ਬ੍ਰਹਿਮੰਡ ਦੇ ਨਿਜ਼ਾਮ ਨੂੰ ਮੰਨਣ ਵਾਲਾ ਨੇਮ ਕੀ ਅਰਥ ਰਖਦਾ ਹੈ ? ਕੁਛ ਵੀ ਨਹੀਂ। ਬ੍ਰਹਿਮੰਡ ਦੇ ਨਿਜ਼ਾਮ ਦੇ ਕਿਸੇ ਨੇਮ ਦੀ ਅਟੱਲਤਾਈ ਦਾ ਉਸ ਨੂੰ ਨਿਘਾਸ ਹੀ ਕੀ, ਜਦੋਂ ਕਿ ਉਹ "ਕੋਟਿ ਬ੍ਰਹਮੰਡ ਕੇ ਠਾਕੁਰੁ ਸੁਆਮੀ"** ਤੇ "ਸਰਬ ਜੀਆ ਕਾ ਦਾਤਾ ਰੇ" ਹੋਂਦ ਵਾਲੇ ਅਤੇ ਉਸ ਦਾਤਾਰ ਦੇ "ਪ੍ਰਤਿਪਾਲੇ ਨਿਤ ਸਾਰਿ ਸਮਾਲੇ" ਰੂਪੀ ਨਿਯਮਾਂ ਦੀ

---

*ਸੂਹੀ ਮ: ੫, ਪੰਨਾ ੭੪੯ **ਸੋਰਠਿ ਮ. ੫, (੧॥੨॥੧੩) ਪੰਨਾ ੬੧੨

ਅਟੱਲਤਾ ਅਤੇ ਸਤਿਤਾ ਉਤੇ ਯਕੀਨ, ਈਮਾਨ ਨਹੀਂ ਲਿਆਉਂਦਾ। ਤਾਂ ਤੇ ਉਹ "ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ"† ਦੇ ਗੁਰਵਾਕ ਦੀ ਭਾਵ-ਘਟਨਾ ਵਾਲਾ ਅਗਿਆਨੀ ਤੇ ਨਾਸਤਕ ਹੀ ਹੈ। ਬਸ "ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥"‡‡ ਵਾਲੇ ਗੁਰਵਾਕ ਅਨੁਸਾਰ ਨਿਰੋਲ ਮਾਇਆ-ਪੂਜ ਹੀ ਹੈ। ਜਿਹੜਾ ਆਦਮੀ ਬ੍ਰਹਿਮੰਡ ਦੇ ਕਿਸੇ ਅਟੱਲ ਨਿਜ਼ਾਮ ਨੂੰ ਤਾਂ ਮੰਨਦਾ ਹੈ, ਪਰੰਤੂ ਉਸ ਬ੍ਰਹਿਮੰਡ ਦੇ ਰਚਣਹਾਰ ਬ੍ਰਹਮ ਨੂੰ ਨਹੀਂ ਮੰਨਦਾ, ਉਹ ਇਸ ਬ੍ਰਹਿਮੰਡ ਨੂੰ ਇਕ ਇਤਫ਼ਾਕੀਆ ਘਟਨਾ ਸਮਝਦਾ ਹੈ, ਕਿਉਂਕਿ ਉਹ 'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ" ਸਰਬ ਸ਼ਕਤੀਆਂ ਦੇ ਸ਼ਕਤੀਸ਼ਰ ਨੂੰ ਨਹੀਂ ਮੰਨਦਾ। ਕੋਟਿ ਬ੍ਰਹਿਮੰਡਾਂ ਦੇ ਠਾਕੁਰੁ ਸੁਆਮੀ ਅਤੇ ਕੋਟ ਸ਼ਕਤੀਆਂ ਦੇ ਸ਼ਕਤੀਸ਼ਰ ਪਾਰਬ੍ਰਹਮ ਪਰਮੇਸ਼ਰ, ਸਾਰੀ ਸ੍ਰਿਸ਼ਟੀ ਦੇ ਸਿਰਜਣਹਾਰ ਨੂੰ ਮੰਨਣ ਵਾਲੇ ਹੀ ਇਹਨਾਂ ਅਣਗਿਣਤ ਬ੍ਰਹਿਮੰਡਾਂ ਨੂੰ ਇਕ ਅਟੱਲ ਇਲਾਹੀ ਨਿਯਮ ਵਿਚ ਬੱਧਾ ਮੰਨ ਸਕਦੇ ਹਨ। ਇਸ ਕਾਇਨਾਤ ਨੂੰ ਅਤੇ ਚਰਾਚਰ ਸ੍ਰਿਸ਼ਟੀ ਦੀ ਰਚਨਾ ਨੂੰ ਆਪਣੇ ਆਪ ਉਪਜੀ ਮੰਨਣਹਾਰੇ ਇਹਨਾਂ ਬ੍ਰਹਿਮੰਡਾਂ ਨੂੰ ਇਤਫ਼ਾਕੀਆ ਘਟਨਾ ਮੰਨਦੇ ਹਨ ਅਤੇ ਉਹ ਅਸਲ ਨਾਸਤਕ ਹਨ, ਜੋ ਇਸ ਰਚਨਾ ਦੇ ਕਰਤਾ ਹਰਤਾ ਪਾਰਬ੍ਰਹਮ ਪ੍ਰਮੇਸ਼ਰ ਨੂੰ ਨਹੀਂ ਮੰਨਦੇ।

## (ੜ) ਆਸਤਕਾਂ ਨਾਸਤਕਾਂ ਦੇ ਗੁਣ ਔਗੁਣ–

'ਆਸਤਕ' ਤੇ 'ਨਾਸਤਕ' ਪਦ ਬਾਬਤ ਪ੍ਰੀਤਲੜੀ ਵਿਚ ਇਉਂ ਲਿਖਿਆ ਹੈ–"ਨਾਸਤਕ ਤੇ ਆਸਤਕ ਦੋਵੇਂ ਇਕੋ ਜਿਹੇ ਚੰਗੇ ਤੇ ਮੰਦੇ ਹੋ ਸਕਦੇ ਹਨ, ਚੰਗਾ ਨਾਸਤਕ ਮੰਦੇ **ਆਸਤਕ** ਨਾਲੋਂ ਸੌ ਦਰਜੇ ਮਨ-ਪਸੰਦ ਹਸਤੀ ਹੈ।"

ਇਹ ਤਾਂ ਉਸ ਨੇ ਲਿਖ ਦਿਤਾ ਕਿ ਚੰਗਾ ਨਾਸਤਕ ਮੰਦੇ ਆਸਤਕ ਨਾਲੋਂ ਸੌ ਦਰਜੇ ਮਨ-ਪਸਿੰਦ ਹੈ, ਪਰ ਉਸ ਨੇ ਇਹ ਕਿਉਂ ਨਾ

---

† ਸੋਰਠਿ ਮ: ੫ (੨॥੭॥੧੮) ਪੰਨਾ ੬੧੩

‡‡ ਧਨਾਸਰੀ ਮ: ੫, (੨॥੧॥੨੨) ਪੰਨਾ ੬੭੬

ਲਿਖਿਆ ਕਿ ਚੰਗਾ ਆਸਤਕ ਮੰਦੇ ਨਾਸਤਕ ਨਾਲੋਂ ਸੌ ਦਰਜੇ ਮਨ-ਪਸਿੰਦ ਹੈ ? 'ਨਾਸਤਕ ਤੇ ਆਸਤਕ' ਦੋਵੇਂ ਇਕੋ ਜਿਹੇ ਹੀ ਚੰਗੇ ਮੰਦੇ ਹੋ ਸਕਦੇ ਹਨ। ਜੇ ਸਚਮੁਚ ਉਹਨਾਂ ਦੋਹਾਂ ਦੀ ਚੰਗਿਆਈ ਮੰਦਿਆਈ ਇਕੋ ਜਿਹੀ ਹੀ ਪ੍ਰਤੀਤ ਹੁੰਦੀ ਤਾਂ ਦੋਹਾਂ ਨੂੰ ਇਕੋ ਤਰਾਜੂ ਤੇ ਤੋਲਦਾ, ਪਰ ਉਸ ਨੇ ਤਾਂ ਧਾਸੰਕ ਮਾਤਰ ਵੀ ਆਸਤਕ ਨੂੰ ਚੰਗਿਆਈ ਦੀ ਵਡਿਆਈ ਨਾ ਦਿਤੀ ਅਤੇ ਸੌ ਦਰਜੇ ਨਾਸਤਕ ਵੱਲ ਹੀ ਤਕੜੀ ਦਾ ਪਲੜਾ ਝੁਕਦਾ ਰਖਿਆ। ਮਨ ਦੀ ਰੁਚੀ ਦਾ ਝੁਕਾਉ ਜੋ ਉਧਰ ਸੀ ਨਾਸਤਕਾਂ ਨੂੰ ਨਾਸਤਕ ਚੰਗੇ। ਆਸਤਕਾਂ ਤੋਂ ਨਾਸਤਕਾਂ ਦੀ ਨਜ਼ਰ ਵਿਚ ਕਦੇ ਚੰਗਾ ਕੰਮ ਹੋਣਾ ਹੀ ਨਾ ਹੋਇਆ। ਆਸਤਕ ਧਰਮੱਗ ਪੁਰਸ਼ਾਂ ਦੇ ਗੁਣ ਵੀ ਨਾਸਤਕਾਂ ਨੂੰ ਅਉਗੁਣ ਹੀ ਪ੍ਰਤੀਤ ਹੁੰਦੇ ਹਨ। ਇਸ ਦਾ ਨਾਮ ਹੈ ਈਰਖਾ, ਦਵੈਸ਼ ਅਤੇ 'ਲਾ-ਮਜ਼ਹਬੀ', 'ਮਜ਼ਹਬ ਦਾ ਤ੍ਰਅੱਸਬ।'

ਨਾਸਤਕਾਂ ਦੀ ਚੰਗਿਆਈ ਦੀ ਪੂਰਨਤਾ ਲਈ ਪ੍ਰੀਤ ਲੜੀ ਦੇ ਲਿਖਾਰੀ ਇਉਂ ਉਚਰਦੇ ਹਨ-'ਸਾਡੇ ਹਿੰਦੂ ਧਰਮ ਮੰਡਲ ਵਿਚ ਨਾਸਤਕ ਵਿਚਾਰਵਾਨਾਂ ਦੀ ਬੜੀ ਉਚੀ ਥਾਂ ਹੈ।'

ਇਹ ਐਵੇਂ ਹੀ ਕਹਿ ਦਿਤਾ ਹੈ, ਹਿੰਦੂ ਧਰਮ ਵਿਚ ਨਾਸਤਕਾਂ ਦੀ ਕਿੰਨੀ ਕੁ ਉਚੀ ਥਾਂ ਹੈ ? ਹੋਊ ਤਾਂ ਅਧਰਮ ਮੰਡਲ ਵਿਚ ਹੋਊ, ਹਿੰਦੂ ਧਰਮ-ਮੰਡਲ ਵਿਚ ਕਦਾਚਿਤ ਵੀ ਨਾਸਤਕਾਂ ਨੂੰ ਉਚੀ ਥਾਂ ਨਹੀਂ ਮਿਲ ਸਕਦੀ। ਜੇ ਨਾਸਤਕ ਵੀਚਾਰਵਾਨਾਂ ਨੂੰ ਵਡੇਰੇ ਸਤਿਕਾਰੇ ਜਾਣ ਵਾਲੀ ਉਚੀ ਥਾਂ ਮਿਲੀ ਹੋਈ ਹੈ ਤਾਂ ਨਾਸਤਕ ਵਿਚਾਰਵਾਨਾਂ ਦੇ ਦਿਲ ਦਿਮਾਗ ਵਿਚ ਹੀ ਮਿਲੀ ਹੋਈ ਹੈ। ਸੌ ਮਿਲੀ ਰਹੇ, ਇਸ ਦਾ ਆਸਤਕਾਂ ਪਰ ਕੋਈ ਅਸਰ ਨਹੀਂ।

ਲੇਖਕ ਅਗੇ ਚਲ ਕੇ ਲਿਖਦਾ ਹੈ-"ਸਾਰੀ ਦੁਨੀਆ ਉਤੇ ਨਾਸਤਕ ਵਿਚਾਰਵਾਨ ਬੜੇ ਅਮਨ-ਪ੍ਰਸੰਦ ਤੇ ਸ਼ਖਸੀ ਇਨਸਾਫ਼ ਦੇ ਵਿਸ਼ਵਾਸੀ ਹੋਏ ਹਨ। ਕੋਈ ਕਤਲੇ-ਆਮ, ਕੋਈ ਜਬਰ, ਕੋਈ ਜੀਉਂਦਿਆਂ ਦੀ ਸਾੜਾ ਫੂਕੀ, ਇਨ੍ਹਾਂ ਨੂੰ ਕਲੰਕਤ ਨਹੀਂ ਕਰਦੀ। ਕਈ ਨਾਸਤਕ ਬਾਦਸ਼ਾਹ ਵੀ ਹੋਏ ਹਨ। ਆਸਤਕ ਬਾਦਸ਼ਾਹਾਂ ਤੇ ਆਸਤਕ ਪਰਚਾਰਕਾਂ ਦੇ ਜ਼ੁਲਮ

ਨਾਲ ਇਤਿਹਾਸ ਕਾਲਾ ਹੋਇਆ ਪਿਆ ਹੈ।''

ਪ੍ਰੀਤ ਲੜੀ ਦੇ ਇਸ ਕਥਨ ਵਿਚ ਅਸੀਂ ਹੁਣ ਵੇਖਣਾ ਹੈ ਕਿ ਕਿੰਨੀ ਕੁ ਸਚਿਆਈ ਹੈ। ਵਿਸਥਾਰ ਵਿਚ ਪੈਣ ਭੀ ਕੋਈ ਲੋੜ ਨਹੀਂ, ਟੂਕ ਮਾਤਰ ਹੀ ਉਦਾਹਰਣ ਦੇਣੇ ਕਾਫੀ ਹਨ। ਜਿਨ੍ਹਾਂ ਦਾ ਨਤੀਜਾ ਏਸ ਕਥਨ ਦੇ ਐਨ ਉਲਟ ਨਿਕਲੇਗਾ। ਮੁਢ-ਕਦੀਮਾਂ ਦੇ ਸਮਿਆਂ ਦੇ ਜਿਤਨੇ ਵੀ ਜ਼ੋਰ ਜਬਰ ਹੋਏ ਹਨ, ਸਭ ਰੱਬ ਤੋਂ ਮੁਨਕਰ ਕਾਫ਼ਰ ਬਾਦਸ਼ਾਹਾਂ ਵਲੋਂ ਹੀ ਹੋਏ ਅਤੇ ਖ਼ੁਦਾ-ਤਰਸਾਂ ਵਲੋਂ ਇਸਦੇ ਕੁਫ਼ਾਰੇ ਵਿਚ ਜਾਂਫਿਸ਼ਾਨੀਆਂ ਤੇ ਕੁਰਬਾਨੀਆਂ ਅਵੱਸ਼ ਹੁੰਦੀਆਂ ਰਹੀਆਂ ਹਨ। 'ਹਰਨਾਕਸ਼' ਦੁਸ਼ਟ, ਰੱਬ ਤੋਂ ਮੁਨਕਰ ਕਾਫ਼ਰ ਸੀ, ਉਸ ਨੇ ਜ਼ੋਰ ਜ਼ੁਲਮ ਦੀ ਅੱਤ ਚੁਕੀ ਅਤੇ ਆਪਣੀ ਰਿਆਇਆ ਉਤੇ ਜ਼ੁਲਮ ਦੇ ਪਹਾੜ ਢਾਹੇ। ਉਸ ਦਾ ਇਤਿਹਾਸ ਗਵਾਹ ਹੈ। ਐਥੋਂ ਤਾਈਂ ਕਿ ਉਸ ਦਾ ਪੁੱਤਰ ਪ੍ਰਹਿਲਾਦ ਹੀ ਉਸ ਦੇ ਜ਼ੋਰ-ਸਿਤਮ ਦੇ ਕੁਫ਼ਰ ਤੋਂ ਨਾ ਬਚਿਆ। ਰੱਬ ਦੇ ਭਗਤ ਖ਼ੁਦਾ ਦੇ ਤਰਸ, ਪ੍ਰਮਾਤਮਾ ਦੇ ਭੈ ਵਾਲੇ ਪ੍ਰਹਿਲਾਦ ਨੇ ਜੋ ਜੋ ਤਸੀਹੇ ਉਸ ਕਾਫ਼ਰ ਅਤੇ ਜ਼ਾਲਮ ਬਾਪ ਦੇ ਸਹੇ, ਉਨ੍ਹਾਂ ਨੂੰ ਪੜ੍ਹ ਸੁਣ ਵੀਚਾਰ ਕੇ ਲੂੰ ਖੜੇ ਹੁੰਦੇ ਹਨ। ਏਸੇ ਹੀ ਪਰਮ ਧਰਮੀ ਪ੍ਰਹਿਲਾਦ ਆਸਤਕ ਨੇ ਦੁਸ਼ਟ ਹਤਿਆਰੇ ਦੀ ਦੁਸ਼ਟਤਾ ਨੂੰ ਦਮਨ ਕਰ ਕੇ ਸਾਰੀ ਪਰਜਾ ਵਿਖੇ ਅਮਨ ਵਰਤਾਇਆ ਅਤੇ ਸਾਰੀ ਖ਼ਲਕ-ਖ਼ੁਦਾ ਨੂੰ ਉਸ ਦੇ ਜ਼ੁਲਮ ਤੋਂ ਬਚਾਇਆ। ਖ਼ੁਦਾ-ਤਰਸੀ ਪੂਰਤ ਕੁਰਬਾਨੀ ਦੇ ਪੂਰਨੇ ਪਾਏ, ਪਰ ਦਹਿਸ਼ਤ ਵਰਤਾ ਕੇ ਨਹੀਂ।

ਦੁਰਯੋਧਨ ਮਹਾਂ ਦੁਰਜਨ ਅਹੰਕਾਰੀ ਖ਼ੁਦਾ ਪਸੰਦ ਅਤੇ ਰੱਬ ਦੇ ਭਗਤਾਂ ਦਾ ਵੈਰੀ ਸੀ। ਉਸ ਨੇ ਕੀ ਕੀ ਅਤਿਆਚਾਰ ਨਹੀਂ ਕੀਤੇ। ਐਥੋਂ ਤਾਈਂ ਕਿ ਅਬਲਾ ਦ੍ਰੋਪਤੀ ਦੀ ਇੱਜ਼ਤ ਨੂੰ ਹੱਥ ਪਾਇਆ। ਇਸ ਦੇ ਮੁਕਾਬਲੇ ਯੁਧਿਸ਼ਟਰ ਜੈਸਾ ਮੁਨਸਫ, ਸੱਚਾਈ ਦਾ ਪੁਤਲਾ ਅਤੇ ਅਮਨ-ਪਸੰਦ ਉਸ ਦੁਆਪਰ ਯੁਗ ਵਿਖੇ ਕੋਈ ਵਿਰਲਾ ਹੀ ਜੰਮਿਆ ਹੋਣਾ ਹੈ। ਉਸ ਦੀ ਬੇਨਜ਼ੀਰ ਕਲਬੀ ਸਫ਼ਾਈ, ਸਚਾਈ, ਇਨਸਾਫ਼ ਅਤੇ ਅਮਨ-ਪਸੰਦੀ ਦਾ ਕਾਰਨ ਕੇਵਲ ਇਹੋ ਸੀ ਕਿ ਉਹ ਪ੍ਰਮਾਤਮਾ ਦਾ ਭਗਤ ਅਤੇ ਪੁੱਜ ਕੇ ਖ਼ੁਦਾ-ਤਰਸ ਰਾਜਾ ਜੋਗੀ ਸੀ। ਰਾਜਾ ਜਨਕ, ਰਾਜਾ ਬਿਕ੍ਰਮਾਜੀਤ

ਆਦਿ ਪੂਜਾ-ਪਾਲਕ ਪਾਤਸ਼ਾਹਾਂ ਦੀਆਂ ਨਿਆਇਕਾਰੀਆਂ ਅਟੱਲ ਇਨਸਾਫ਼ ਵਿਸਥਾਰੀਆਂ ਇਸ ਜ਼ਮਾਨੇ ਅੰਦਰ ਜ਼ਰਬੁਲ ਮਿਸਲ ਹਨ ਅਤੇ ਇਨ੍ਹਾਂ ਦੀ ਆਸਤਕਤਾ ਵੀ ਮਸ਼ਹੂਰ ਹੈ। ਉਸਦੇ ਮੁਕਾਬਲੇ ਵਿਚ ਰੱਬ ਤੋਂ ਮੁਨਕਰ ਕੈਸ ਆਦਿਕ ਬਾਦਸ਼ਾਹਾਂ ਦੀਆਂ ਵਧੀਕੀਆਂ, ਪਰਜਾ ਸਤਾਈਆਂ ਤੋਂ ਵੀ ਦੁਨੀਆ ਵਾਕਿਫ਼ ਹੈ।

ਨੌਸ਼ੀਰਵਾਂ ਦੀ ਸਖ਼ਾਵਤ ਅਤੇ ਨੇਕੀ ਦੀ ਸ਼ੁਹਰਤ ਇਸੇ ਕਰਕੇ ਇਸਤ੍ਰੀ ਪੁਰਸ਼ ਦੇ ਮੂੰਹ ਤੇ ਚੜ੍ਹੀ, ਕਿਉਂਕਿ ਇਹ ਇਕ ਖ਼ੁਦਾ-ਤਰਸ ਆਸਤਕ ਆਦਿਲ ਬਾਦਸ਼ਾਹ ਸੀ। ਉਸਦੇ ਮੁਕਾਬਲੇ ਵਿਚ ਫ਼ਰਾਊਨ ਅਤੇ ਜ਼ੁਹਾਕ ਜਿਹੇ ਜ਼ਾਲਮ ਬਾਦਸ਼ਾਹਾਂ ਦੇ ਜ਼ੁਲਮੋ-ਸਿਤਮ ਹੁਣ ਤਾਈਂ ਸਾਰੀ ਦੁਨੀਆ ਅੰਦਰ ਨਸ਼ਰ ਹਨ ਅਤੇ ਉਨ੍ਹਾਂ ਦਾ ਕੁਫ਼ਰ ਅਤੇ ਨਾਸਤਕਪੁਣਾ ਵੀ ਸਭ ਸ੍ਰਿਸ਼ਟੀ ਉਤੇ ਪ੍ਰਗਟ ਹੈ। ਕਿਹੜੇ ਕਿਹੜੇ ਉਦਾਹਰਣ ਦੇਈਏ। ਕਾਫ਼ਰ ਅਤੇ ਨਾਸਤਕ ਬਾਦਸ਼ਾਹਾਂ ਦੇ ਜ਼ੁਲਮਾਂ ਨਾਲ ਇਤਿਹਾਸਾਂ ਦੇ ਸਫ਼ਿਆਂ ਦੇ ਸਫ਼ੇ ਕਾਲੇ ਹੋਏ ਪਏ ਹਨ।

ਪ੍ਰੀਤ ਲੜੀ ਦਾ ਇਹ ਦਾਅਵਾ ਕਥਨ ਮਾਤ੍ਰ ਹੀ ਹੈ ਕਿ "ਕੋਈ ਕਤਲੇਆਮ, ਕੋਈ ਜਬਰ, ਕੋਈ ਜੀਉਂਦਿਆਂ ਦੀ ਸਾੜ੍ਹਾ ਫੂਕੀ, ਨਾਸਤਕ ਬਾਦਸ਼ਾਹਾਂ ਅਤੇ ਨਾਸਤਕ ਪ੍ਰਚਾਰਕਾਂ ਨੂੰ ਕਲੰਕਤ ਨਹੀਂ ਕਰਦੀ।" ਇਹ ਇਕ ਪਹਾੜ ਜੇਡਾ ਝੂਠ ਅਤੇ ਹਿਮਾਲਾ ਪਰਬਤ ਜੇਡਾ ਮੁਗ਼ਾਲਤਾ ਹੈ। ਦੂਰ ਨਾ ਜਾਓ, ਹੁਣ ਦਾ ਜ਼ਮਾਨਾ ਹੀ ਦੇਖ ਲਓ, ਸੋਸ਼ਲਿਜ਼ਮ ਦੇ ਪ੍ਰਚਾਰਕ ਤੇ ਬਾਲਸ਼ੁਇਜ਼ਮ ਦੇ ਹਾਮੀ ਰੱਬ ਤੋਂ ਮੁਨਕਰ ਰੂਸੀਆਂ ਵਿਖੇ ਕੀ ਹੋ ਰਿਹਾ ਹੈ? ਪਹਿਲਾਂ ਤਾਂ ਆਪਣੇ ਲਾ-ਮਜ਼ਹਬੀ ਦੇ ਤਅੱਸਬ ਨਾਲ ਅੰਨ੍ਹੇ ਹੋ ਕੇ ਇਨ੍ਹਾਂ ਨਾਸਤਕ ਰੂਸੀਆਂ ਨੇ ਆਸਤਕ ਮਜ਼ਹਬ ਵਾਲਿਆਂ ਦੇ ਖ਼ੂਨਾਂ ਦੇ ਦਰਿਆ ਵਹਾਏ, ਜਿਸ ਨਾਲ ਰੂਸ ਦੀ ਧਰਤੀ ਹੁਣ ਤਾਈਂ ਖ਼ੂਨ ਨਾਲ ਆਲੂਦਾ ਹੋਈ ਪਈ ਹੈ ਅਤੇ ਰਹਿੰਦੀ ਦੁਨੀਆ ਤਾਈਂ ਇਸ ਖ਼ੂਨ-ਖ਼ਰਾਬੀ ਦੀ ਦੁਹਾਈ ਮਚੀ ਰਹੇਗੀ। ਫੇਰ ਇਸੇ ਦੇ ਬਾਲਸ਼ਿਉਵਕੀ ਨਾਸਤਕ ਨੇ ਸਾਂਝੀਵਾਲਤਾ ਦਾ ਫੋਕਾ ਢੰਡੋਰਾ ਫੇਰ ਕੇ, ਆਪਣੀ ਨਾਸਤਕਤਾ ਦਾ ਰਾਜ ਕਾਇਮ ਕਰ ਕੇ, ਆਪਣੇ ਹੀ ਸਾਂਝੀਵਾਲ ਭਰਾਵਾਂ ਉਤੇ ਜੌ ਹੁਕਮ ਦਾ ਸੁਹਾਗਾ ਫੇਰਿਆ ਅਤੇ

ਟਰਾਟਸਕੀ ਦੇ ਹਜ਼ਾਰਾਂ ਹੀ ਪੈਰੋਕਾਰਾਂ ਦੇ ਕੁਸ਼ਤੇ ਖ਼ੂਨ ਦਾ ਕੁਕਰਮ ਬਰਪਾ ਕੀਤਾ। ਕੀ ਇਹ ਕਤਲੇਆਮ ਦੀ ਸਜਰੀ ਮਿਸਾਲ ਨਹੀਂ, ਜੋ ਪ੍ਰਸਿਧ ਨਾਸਤਕੀ ਰਾਜਸੀ ਨੇਤਾਵਾਂ ਦੇ ਹਥੋਂ ਹੋਈ ? ਜਿਸ ਪੱਛਮੀ ਤਹਿਜ਼ੀਬ ਦੀਆਂ ਤਾਰੀਫ਼ਾਂ ਕਰ ਕੇ ਪ੍ਰੀਤ ਲੜੀ ਨਹੀਂ ਰੱਜਦੀ, ਉਹਨਾਂ ਹੀ ਪੱਛਮੀ ਦੇਸ਼ਾਂ ਦੀਆਂ ਅਮਨ-ਪਸੰਦੀਆਂ ਦੇ ਪਾਜ ਹੁਣ ਉਘੜਨ ਵਾਲੇ ਹਨ। ਉਘੜਨ ਵਾਲੇ ਕੀ, ਉਘੜ ਹੀ ਰਹੇ ਹਨ। ਸਟਾਲਿਨ ਦੀਆਂ ਵਧੀਕੀਆਂ ਦੀ ਦੁਹਾਈ ਰੂਸੀ ਲੀਡਰ ਖਰੁਸਚੇਵ ਜੈਸੇ ਆਪ ਦੇ ਰਹੇ ਹਨ। ਪਰ ਆਪ ਵੀ ਓਹੋ ਕੁਝ ਕਰ ਰਹੇ ਹਨ। ਬੇਰੀਏ ਦਾ ਤੇ ਹੋਰ ਰੂਸੀ ਲੀਡਰਾਂ ਦਾ ਕਤਲ ਇਸ ਗੱਲ ਦਾ ਗਵਾਹ ਹੈ। ਹਰ ਸਾਲ ਕੋਈ ਨਾ ਕੋਈ ਲੀਡਰ ਕਤਲ ਹੁੰਦਾ ਹੈ।

ਪ੍ਰੀਤ ਲੜੀ ਦਾ ਇਸ ਲੇਖ ਵਿਚ ਇਹ ਲਿਖਣਾ ਭੀ ਨਿਰਾ ਮੁਗ਼ਾਲਤਾ ਤੇ ਮੁਬਾਲਗ਼ਾ ਹੈ ਕਿ "ਦੁਨੀਆ ਦੇ ਵਡੇ ਵਡੇ ਚੋਰ, ਠੱਗ ਤੇ ਜਾਬਰ ਆਦਮੀ ਬਹੁਤੇ ਆਸਤਕ ਹੀ ਹੋਏ ਹਨ, ਜਰਾਇਮ-ਪੇਸ਼ਾ ਕੌਮਾਂ ਆਮ ਕਰਕੇ ਆਸਤਕ ਵਿਸ਼ਵਾਸ ਰਖਦੀਆਂ ਹਨ।"

ਕੈਸੀ ਗੱਪ ਹੈ ! ਸਾਰੇ ਜ਼ਮਾਨੇ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਚੋਰ, ਠੱਗ, ਧਾੜਵੀ, ਕੁਕਰਮੀ ਅਤੇ ਪਰਪੰਚੀ ਪਾਤਕ ਅਤੇ ਜ਼ੁਲਮੀ ਆਦਮੀ ਭੀ ਪ੍ਰੇਤ ਤੋਂ ਦੇਵਤੇ ਬਣ ਗਏ, ਜਦੋਂ ਉਹਨਾਂ ਨੂੰ ਆਸਤਕ ਜੀਵਨ-ਕਣੀ ਦੀ ਲਾਗ ਲਗੀ ਅਤੇ ਜਦੋਂ ਉਹਨਾਂ ਨੂੰ ਧਰਮੀ ਆਤਮ-ਰੰਗ ਦੇ ਸਤਿਸੰਗ ਦੀ ਆਸਤਕ ਪਾਹ ਚੜ੍ਹੀ। ਮਨੁਖੀ ਜੀਵਨ ਵਿਚ ਔਗੁਣ ਓਦੋਂ ਤਕ ਹੀ ਰਹਿੰਦਾ ਹੈ ਜਦ ਤਾਈਂ ਕਿ ਉਸ ਦੇ ਸੁਭਾਉ ਵਿਚ ਨਾਸਤਕਪੁਣੇ ਦਾ ਨਰੜਾ ਅੜਿਆ ਹੋਇਆ ਹੁੰਦਾ ਹੈ। ਇਹ ਨਰੜਾ ਨਾਸਤਕਪੁਣੇ ਦਾ ਨਿਕਲਿਆ ਨਹੀਂ ਕਿ ਉਹ ਪਸ਼ੂ ਪ੍ਰੇਤ ਤੋਂ ਨੇਕ-ਸੀਰਤ ਅਤੇ ਫ਼ਰਿਸ਼ਤਾ ਖ਼ਸਲਤ ਦੇਵਤੇ ਬਣੇ ਨਹੀਂ, ਇਹ ਨਾਸਤਕਪੁਣੇ ਦਾ ਅਨਸਰ ਓਦੋਂ ਤਾਈਂ ਨਿਕਲਦਾ ਨਹੀਂ, ਜਦੋਂ ਤਾਈਂ ਕਿ ਉਨ੍ਹਾਂ ਨੂੰ ਆਤਮਕ ਕਲਾਧਾਰੀ ਮਹਾਂ ਪੁਰਸ਼ਾਂ ਦੇ ਪਾਰਸ-ਰਸਾਇਣੀ-ਪਰਸ ਦੁਆਰਾ ਆਸਤਕਪੁਣੇ ਦਾ ਪਾਹ ਨਹੀਂ ਚੜ੍ਹਦਾ। ਆਤਮਕ ਜੀਵਨੀ ਆਸਤਕਪੁਣੇ ਦੇ ਤੁਫ਼ੈਲ ਹੀ, ਨਾਸਤਕ-

ਪ੍ਰਭੂ ਦੀ ਮੇਲ ਇਨਸਾਨ ਦੀ ਸਰਿਸ਼ਟ (ਖਸਲਤ) ਵਿਚੋਂ ਨਿਕਲ ਸਕਦੀ ਹੈ, ਐਵੇਂ ਨਹੀਂ । ਸਰਬੱਗ ਅਤੇ ਸਰਬ-ਵਿਆਪਕ ਪ੍ਰਮਾਤਮਾ ਨੂੰ ਸਦਾ ਹਾਜ਼ਰ ਨਾਜ਼ਰ ਅੰਗ ਸੰਗ ਜਾਨਣ ਵਾਲਾ ਆਸਤਕ ਪੁਰਸ਼ ਕਦੇ ਭੀ ਕਿਸੇ ਜੁਰਮ ਜਾਂ ਇਖ਼ਲਾਕੀ ਗੁਨਾਹ ਦੇ ਇਰਤਕਾਬ ਵਿਚ ਮਸ਼ਗੂਲ ਨਹੀਂ ਹੋ ਸਕਦਾ (ਪ੍ਰਵਿਰਤ ਨਹੀਂ ਹੁੰਦਾ) । ਉਸ ਤੋਂ ਮਾੜਾ ਕਰਮ ਹੋ ਹੀ ਨਹੀਂ ਸਕਦਾ । ਜਿਨ੍ਹਾਂ ਅੰਦਰ ਆਤਮ ਜੀਵਨ ਦੀ ਨਾਮ-ਕਣੀ ਹੈ, ਉਹ ਕਿਸੇ ਦਾ ਬੁਰਾ ਕਰ ਹੀ ਨਹੀਂ ਸਕਦੇ । ਸਗੋਂ ਹਰ ਵਕਤ ਬੁਰੇ ਦਾ ਭਲਾ ਹੀ ਕਰਦੇ ਹਨ । ਅਜਿਹੇ ਉਦਾਹਰਣਾਂ ਨਾਲ ਇਤਿਹਾਸਾਂ ਦੇ ਇਤਿਹਾਸ ਭਰੇ ਪਏ ਹਨ । ਪਰ ਸਉੜੀ ਨਜ਼ਰ ਵਾਲੇ ਅਤੇ ਤਅੱਸਬ ਦੇ ਨਾਲ ਤੰਗ-ਦਿਲ ਮਨੁਖਾਂ ਨੂੰ ਲੰਮੀ ਦ੍ਰਿਸ਼ਟੀ ਦੀ ਵਿਸ਼ਾਲਤਾ ਪ੍ਰਾਪਤ ਹੀ ਨਹੀਂ । ਉਹ ਆਪਣੀ ਅਲਪਗ ਬੁੱਧੀ ਦੇ ਦਾਇਰੇ ਵਿਚ ਆਈ ਦੁਨੀਆ ਨੂੰ ਵਧੀਆ ਬ੍ਰਹਿਮੰਡ ਦਾ ਖੁਲਾਸ ਸਮਝੀ ਬੈਠੇ ਹਨ ।

## (੪) ਨਾਸਤਕ ਤੇ ਆਸਤਕ ਦੇ ਕਰਤੱਵ ਦਾ ਟਾਕਰਾ—

ਪ੍ਰੀਤ ਲੜੀ ਦਾ ਨੁਕਤਾਚੀਨ ਐਡੀਟਰ ਮਜ਼ਹਬ, ਹਰੇਕ ਮਜ਼ਹਬ ਦੇ ਤਾਰੀਕ ਪਹਿਲੂ (dark side) ਨੂੰ ਵੇਖਦਾ ਹੈ, ਜਿਸ ਤੋਂ ਕਿਸੇ ਭੀ ਚਾਨਣੇ ਪੱਖ ਨੂੰ ਵੇਖ ਨਹੀਂ ਸਕਦਾ । ਪਖੰਡ-ਧਰਮੀਆਂ ਦੇ ਮਾੜੇ ਮੋਟੇ ਐਬ ਦੇਖ ਕੇ ਹੀ ਉਹ ਮਜ਼ਹਬ ਅਤੇ ਮਜ਼ਹਬੀ ਅਸੂਲਾਂ ਨੂੰ ਭੰਡਣ ਤੇ ਖੰਡਨ ਦੇ ਵਿਚ ਪੈ ਜਾਂਦਾ ਹੈ । ਕਿਸੇ ਇਕ ਅੱਧ ਜਾਂ ਵਧੀਕ ਅਸਲੀ ਮਜ਼ਹਬ ਤੋਂ ਅਗਿਆਤ ਪਖੰਡੀਆਂ ਤੋਂ ਖਿਜਿਆ ਕੇ ਯਾ ਖੁਣਸ ਖਾ ਕੇ ਉਸ ਨੇ ਰੱਬ ਦੇ ਰਾਹ ਦਸਣ ਵਾਲੇ ਹਾਦੀਆਂ, ਪੈਗ਼ੰਬਰਾਂ, ਅਵਤਾਰਾਂ ਅਤੇ ਰੱਬ ਨੂੰ ਮੰਨਣ ਵਾਲੇ ਆਸਤਕ ਮਜ਼ਹਬਾਂ ਨੂੰ ਇਕ ਤਰੀਕੇ ਨਾਲ ਭੰਡਣ ਦਾ ਸ਼ੇਵਾ ਅਖ਼ਤਿਆਰ ਕੀਤਾ ਹੋਇਆ ਹੈ । ਇਸ ਬਿਧਿ ਹਜ਼ਾਰਾਂ ਲੱਖਾਂ ਹਿਰਦਿਆਂ ਨੂੰ ਦੁਖੀ ਕਰਕੇ ਭੀ ਉਹ ਆਪਣੇ ਆਪ ਨੂੰ ਅਮਨ-ਪਸੰਦ ਮੋਮਨ ਸਦਾਉਣ ਵਿਚ ਫ਼ਖ਼ਰ ਸਮਝਦਾ ਹੈ ।

ਇਸੇ ਲੇਖ ਵਿਚ ਅਗੇ ਚਲ ਕੇ ਇਹ ਆਪਣੀ ਤਿਰਛੀ ਲਿਖਤ ਦੁਆਰਾ,

ਐਵੇਂ ਆਸਤਕਾਂ ਉਤੇ ਇਹ ਬਿਰਥਾ ਦੂਸ਼ਨ ਲਾਉਂਦਾ ਹੈ ਕਿ ਆਸਤਕ ਲੋਕ ਰੱਬ ਨੂੰ ਗਾਲ੍ਹਾਂ ਵੀ ਕਢ ਲੈਂਦੇ ਹਨ। ਕੈਸਾ ਝੂਠ ਹੈ ? ਨਾਲੇ ਇਹ ਵੀ ਮਿਹਣਾ ਮਾਰਦਾ ਹੈ ਕਿ ਗੁਰੂਆਂ ਨੂੰ ਕਿਉਂ ਨਹੀਂ ਕਢਦੇ। ਤੇ ਇਉਂ ਵੀ ਪੁਚਕਾਰਦਾ ਹੈ ਕਿ ਆਸਤਕ ਨੂੰ ਆਪਣੇ ਇਸ਼ਟ-ਦੇਵਾਂ ਅਤੇ ਗੁਰੂਆਂ ਦੀ ਨਿੰਦਾ ਠੰਢੇ ਦਿਲ ਨਾਲ ਸੁਣ ਲੈਣੀ ਚਾਹੀਦੀ ਹੈ।

ਸਾਡੇ ਸਤਿਗੁਰੂ ਸਾਹਿਬਾਂ ਨੇ ਤਾਂ ਸਿਖਾਂ ਨੂੰ ਇਹ ਸਿਖਾਇਆ ਹੈ ਕਿ ਸਿੱਖ ਦੀ ਕੋਈ ਨਿੰਦਾ ਕਰੇ ਤਾਂ ਉਹ ਬੇਸ਼ਕ ਸਹਾਰੇ, ਸਿੱਖਾਂ ਨੂੰ ਜੇ ਕੋਈ ਮੁੱਕੀਆਂ ਵੀ ਮਾਰੇ ਤਾਂ ਉਸ ਦੇ ਇਵਜ਼ ਇੰਨੀ ਸਹਿਨ ਸ਼ੀਲਤਾ ਅਮਲ ਵਿਚ ਲਿਆ ਕੇ ਦੱਸੇ ਕਿ ਘੁਮਿ ਕੇ ਮਾਰਨ ਵਾਲੇ ਦੇ ਮੁੱਕੀ ਤਾਂ ਕੀ ਮਾਰਨੀ ਸੀ ਸਗੋਂ ਮੁੱਕੀ ਮਾਰਨ ਵਾਲੇ ਦੇ ਪੈਰ ਚੁੰਮ ਕੇ ਚੁਪ-ਚੁਪਾਤਾ ਠੰਢੇ ਹਿਰਦੇ ਨਾਲ ਆਪਣੇ ਘਰ ਚਲਾ ਜਾਵੇ। ਮੁੱਕੀਆਂ ਮਾਰਨ ਵਾਲੇ ਦੇ ਪੈਰ ਚੁੰਮਣੇ ਸਿਖਾਉਣਾ ਇਹ ਸਤਿਗੁਰੂ ਜੀ ਦੀ ਵਡਿਆਈ ਹੈ। ਈਸਾਈ ਆਸਤਕ ਨੂੰ ਭੀ ਸੁਹਣੀ ਸਿਖਿਆ ਮਿਲਦੀ ਹੈ ਕਿ ਜੇ ਕੋਈ ਇਕ ਗਲ੍ਹ ਉਤੇ ਇਕ ਚਪੇੜ ਮਾਰੇ, ਉਸ ਦੇ ਅਗੇ ਦੂਜੀ ਗਲ੍ਹ ਵੀ ਕਰ ਦਿਓ ਤਾਂ ਕਿ ਦੂਜੀ ਚਪੇੜ ਵੀ ਮਾਰ ਸਕੇ। ਨਾਸਤਕਾਂ ਤੋਂ ਤਾਂ ਏਤਨੀ ਵੀ ਨਹੀਂ ਬਣ ਆਉਂਦੀ, ਕਿਉਂਕਿ ਉਹਨਾਂ ਦਾ ਤਾਂ ਗੁਰ ਪੀਰ ਹੀ ਕੋਈ ਨਹੀਂ। ਸਤਿਗੁਰ ਦੇ ਸਿੱਖਾਂ ਨੇ ਬੇਅੰਤ ਨਜ਼ੀਰਾਂ ਦੇ ਪੂਰਨੇ ਪਾ ਕੇ ਇਹ ਕਰਨੀ ਕਮਾ ਕੇ ਕਮਾਲ ਕਰ ਦਿਖਾਈ ਹੈ ਕਿ ਮੁੱਕੀਆਂ ਕੀ, ਡਾਂਗਾਂ ਮਾਰਨਹਾਰਿਆਂ ਦੇ ਅਗੇ ਹੱਥ ਜੋੜ ਕੇ ਨਿਵੇਂ ਹਨ। ਕੀ "ਪੈਰ ਤਿਨ੍ਹਾ ਦੇ ਚੁੰਮਿ"* ਵਾਲੀ ਗੁਰਦੀਛਜਾ ਉਤੇ ਅਮਲ ਕਰਨ ਦਾ ਇਹ ਕਮਾਲ ਨਹੀਂ ਕਰ ਦਿਖਾਇਆ ? ਪਰ ਇਤਨੀ ਸਹਿਨ ਸ਼ੀਲਤਾ ਆਤਮ-ਕਮਾਈਆਂ ਵਾਲੇ ਦੇਹ-ਅਧਿਆਸੀ ਆਸਤਕ ਹੀ ਕਰ ਸਕਦੇ ਹਨ, ਨਾਸਤਕਾਂ ਤੋਂ ਏਨੀ ਬੁਰਦਬਾਰੀ ਹੋਣੀ ਅਸੰਭਵ ਹੈ। ਨਾਸਤਕਾਂ ਨੂੰ ਤਾਂ ਗੁਰ ਅਵਤਾਰਾਂ ਦੇ ਨਿੰਦਣ ਦੀ ਨਿਰਦਯਤਾ ਨੇ ਇਸ ਸਹਿਨ ਸ਼ੀਲਤਾ ਵਾਲੀ ਸਪਿ-ਰਟ ਵਲੋਂ ਖੁਸ਼ਕ ਹੀ ਕਰ ਛਡਿਆ ਹੈ। ਅਜਿਹੇ ਮਨੁਖਾਂ ਨੇ ਜਨਤਾ ਦੇ ਦੁਖ ਤਾਂ ਕੀ ਨਿਵਾਰਨੇ ਸੀ, ਆਪਣੇ ਦੁਖ ਦਾ ਅਧਿਆਸ ਵੀ ਨਹੀਂ ਕਰ ਸਕਦੇ।

*ਸਲੋਕ ਸ਼ੇਖ ਫਰੀਦ (੭), ਪੰ: ੧੩੭੮

ਦੁਖੀ ਪਰਜਾ ਦੇ ਦੁਖਾਂ ਕਸ਼ਟਾਂ ਨੂੰ ਨਵਿਰਤ ਕਰਨ ਦਾ ਪਰਉਪਕਾਰ ਕੇਵਲ ਰਿਦੇ-ਜੋਤਿ-ਜਗੰਨੀ ਆਤਮ ਅਉਜ ਵਾਲੇ ਪਰਉਪਕਾਰੀ ਖਾਲਸ ਜਨ ਹੀ ਕਰ ਸਕਦੇ ਹਨ, ਜਿਨ੍ਹਾਂ ਨੇ ਨਿਜ ਮਾਨਸਕ ਅਤੇ ਸਰੀਰਕ ਦੁੱਖਾਂ ਤੋਂ ਤੱਤ-ਆਤਮ-ਜੋਤ-ਵਿਗਾਸੀ-ਗਿਆਨ ਦੁਆਰਾ ਖਲਾਸੀ ਪਾਈ ਹੋਈ ਹੁੰਦੀ ਹੈ ਅਤੇ ਆਪਣੇ ਅੰਤਰ ਆਤਮੇ ਨਿਰਭੈ ਪਦ ਵਾਲੀ ਜੋਤ ਜਗਾਈ ਹੋਈ ਹੁੰਦੀ ਹੈ। ਅਜਿਹੇ ਨਿਰਭੈ ਪਦ ਨੂੰ ਪੁਗ ਖਲੋਤੇ ਹੋਏ ਤੇਜ ਪੁੰਜ ਪਰਉਪਕਾਰੀ ਜਨ ਹੀ ਦੁਖੀ ਪਰਜਾ ਨੂੰ ਦੁਸ਼ਟ ਦੋਖੀਆਂ ਦੇ ਹਥੋਂ ਬੰਦ-ਖਲਾਸੀ ਕਰਾ ਸਕਦੇ ਹਨ, ਕਿਉਂ ਜੁ ਉਹ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ"* ਦੇ ਗੁਰਵਾਕ ਅਨੁਸਾਰ ਜੋ ਕੁਛ ਵੀ ਪਰਉਪਕਾਰ ਦੀ ਕਾਰ ਕਮਾਉਂਦੇ ਹਨ, ਆਪਣੀ ਆਤਮ ਅਉਜੀ ਮਉਜ ਵਿਚ ਹੁਕਮੀ ਬੰਦੇ ਹੋ ਕੇ ਕਮਾਉਂਦੇ ਹਨ। ਮਾਲਕ ਦੀ ਖ਼ਲਕਤ ਦੇ ਦੁਖ ਦਾ ਨਾਸ ਕਰਨਾ ਹੈ। ਸੰਸਾਰ ਨੂੰ ਦੁਖ ਜ਼ੁਲਮ ਤੇ ਬਦਅਮਨੀ ਤੋਂ ਪਾਕ ਕਰ ਕੇ ਅਮਨ ਸ਼ਾਂਤ ਵਰਤਾਉਣਾ ਹੈ। ਅਹਿੰਸਾ ਨੂੰ ਪਰਮ ਧਰਮ ਸਮਝਣ ਵਾਲੇ ਮੋਮਨ ਜੀਵ-ਰਖਿਆ ਦੇ ਬੜੇ ਕੋਝੇ ਅਰਥ ਸਮਝੀ ਬੈਠੇ ਹਨ। ਜਾਨ ਨੂੰ ਮਰਨੋਂ ਬਚਾਈ ਰਖਣ ਦੇ ਸਦਾ ਸਹਿਮਕੂ ਏਸੇ ਸਹਿਮ ਵਿਚ ਹੀ ਰਹਿੰਦੇ ਹਨ ਕਿ ਕਿਤੇ ਜਿੰਦ-ਜਾਨ-ਪ੍ਰਾਣ ਨਾ ਕਿਸੇ ਦਾ ਦੇਹ ਤੋਂ ਜੁਦਾ ਹੋ ਜਾਵੇ। ਉਹਨਾਂ ਨੂੰ ਇਹ ਗਿਆਨ ਨਹੀਂ ਕਿ "ਦੇਹ ਅਨਿਤ ਨਾ ਨਿਤ ਰਹੈ,"** ਇਸ ਨਾਸ਼ਵਾਨ ਦੇਹੀ ਨੇ ਤਾਂ ਸਦਾ ਰਹਿਣਾ ਹੀ ਨਹੀਂ, ਕਿਉਂ ਨਾ ਇਸ ਨੂੰ ਪਰਉਪਕਾਰ ਦੇ ਲੇਖੇ ਲਾਈਏ ਅਤੇ "ਜਸੁ ਨਾਵ ਚੜੈ ਭਵ ਸਾਗਰ ਤਾਰੈ" ਦੇ ਭਾਗੀ ਬਣੀਏ। ਜਿਹੜੇ ਭਗਤ ਜਨ ਜੋਧੇ ਅੰਦਰਲੇ ਮਹਾਂਬਲੀ ਪੰਜ ਦੁਸ਼ਟਾਂ ਨੂੰ ਦਮਨ ਕਰਨ ਜਾਣਦੇ ਹਨ ਓਹੀ ਪਰਉਪਕਾਰੀ ਜਨ ਜੋਧੇ ਖਾਲਸਾ ਬੀਰ ਪੰਜ ਭੂਤ ਮੁਜੱਸਮੀ ਦੇਹ ਕਲਬੂਤੀ ਦੂਤਾਂ ਨੂੰ ਮਾਰ ਬਿਦਾਰਨਾ ਵੀ ਮਹਾਂ ਸੁਕਾਰਥ ਜਾਣਦੇ ਹਨ, ਅਜਿਹੀ ਕਾਲ ਕਿਰਿਆ ਵੀ ਅਕਾਲ ਦੇ ਹੁਕਮਾਂ ਅੰਦਰ ਹੀ ਹੁੰਦੀ ਹੈ। ਮਾਰਨ ਬਿਦਾਰਨਹਾਰੇ ਨੂੰ ਉਸਦਾ ਲੇਸ਼ ਨਹੀਂ

---

* ਸਲੋਕ ਮਹਲਾ ੯, (੧੬), ਪੰ: ੧੪੨੭

** ਪਾ: ੧੦, ਕ੍ਰਿਸ਼ਨਾਵਤਾਰ (੨੪੯੨॥੫੧੪)

ਲਗਦਾ। ਹਾਂ! ਜੋ ਮਨ ਦੀਆਂ ਮੌਜਾਂ ਵਾਸਤੇ ਯਾ ਵੈਰ ਵਿਰੋਧ ਕਾਮ ਕ੍ਰੋਧ ਲੋਭ ਦੇ ਅਧੀਨ ਹੋ ਕੇ ਜੀਵਾਂ ਦਾ ਬੱਧ ਕਰਦੇ ਹਨ ਅਤੇ ਹੋਰ ਅਨਿਕ ਪ੍ਰਕਾਰੀ ਦਵੈਸ਼ ਦੋਖੀ ਖ਼ੂਨ ਖ਼ਰਾਬਾ ਕਰਦੇ ਹਨ ਉਹ ਮਹਾਂ ਅਪਰਾਧ ਕਮਾਉਂਦੇ ਹਨ। ਮਨੁਖ ਦੀ ਦੇਹ ਨੂੰ ਐਸ਼-ਇਸ਼ਰਤੀ ਜੀਵਨ ਖ਼ਾਤਰ ਬਣਦੀ ਤਣਦੀ ਸੁਹੱਪਣੀ ਕ੍ਰਾਂਤਿ ਵਿਚ ਸੁਰਜੀਤ ਦੇਖਣਾ, ਕਦੇ ਨਾ ਬਿਨਸਦੀ ਚਾਹੁਣਾ ਨਾਸਤਕਾਂ ਦਾ ਸਵਾਦ ਭਰਿਆ ਸਭ ਤੋਂ ਉਚ ਗਿਆਨ-ਫਲਸਫ਼ਾ ਹੈ। ਏਸੇ ਕਰਕੇ ਹੀ ਓਹ ਮਨੁਖ ਤਨ ਨੂੰ ਸ੍ਰੇਸ਼ਟ ਸਮਝਦੇ ਹਨ। ਹੋਰ ਸਭ ਕੁਛ ਕੁਰਬਾਨ ਹੋ ਜਾਵੇ, ਪਰ ਮਨੁਖ ਦੀ ਜਾਨ ਨਾ ਜਾਏ, ਪ੍ਰਾਣੀ ਦੇ ਪ੍ਰਾਣ ਬਚੇ ਰਹਿਣ, ਹੋਰ ਚਾਹੇ ਕੁਛ ਨਾ ਬਚੇ। ਨੰਗ-ਨਾਮੂਸ (ਇੱਜ਼ਤ) ਕੁਛ ਨ ਰਹੇ, ਪ੍ਰਣ ਪ੍ਰਤੱਗਿਆ ਵੀ ਰਹੇ ਯਾ ਨਾ ਰਹੇ, ਅਸੂਲ ਇਸ਼ਟ ਦੀ ਵੀ ਕੁਛ ਪਰਵਾਹ ਨਹੀਂ, ਧਰਮ ਮਜ਼ਹਬ ਦੀ ਤੌਹੀਨ ਹੋ ਜਾਵੇ ਤਾਂ ਭੀ ਉਹਨਾਂ ਦੀ ਬਲਾ ਜਾਣੇ, ਪਰ ਮਨੁਖ ਦੀ ਜੀਵਨ ਸੁਰਜੀਤਨੀ ਨਾ ਜਾਵੇ। ਹਡ ਚੰਮ ਮਾਸ ਦਾ "ਤੂੰਆ ਦਿਸਮੁ ਸੋਹਣਾ"* ਚੋਲਾ ਬਣਿਆ ਤਣਿਆ ਰਹੇ, ਕਿਸੇ ਕੀਮਤ ਤੇਂ ਵੀ ਬਿਲਯ ਨਾ ਹੋ ਜਾਵੇ। ਰੱਬ ਨੂੰ ਕੋਈ ਮੰਨੇ ਯਾ ਨਾ ਮੰਨੇ, ਗੁਰੂ ਪੀਰ ਪੈਗੰਬਰਾਂ ਦੀ ਹਾਨੀ ਹੋ ਜਾਵੇ ਤਾਂ ਕੋਈ ਦਰੇਗ਼ ਨਹੀਂ, ਪਰ ਮਨੁਖ ਦੇ ਸਰੀਰ ਦੀ ਹਾਨੀ ਨਾ ਹੋ ਜਾਵੇ। ਖ਼ਬਰ ਨਹੀਂ ਮਨੁਖ ਕਿਸ ਜਾਨਵਰ ਦਾ ਨਾਮ ਹੈ, ਜਿਸਦੇ ਅਗੇ ਆਨ ਸ਼ਾਨ ਦੇਸ਼ ਭਗਤੀਆਂ ਦੇ ਫਲਸਫ਼ੇ ਸਭ ਹੇਚ ਹਨ। ਪ੍ਰਮਾਤਮਾ ਦੀ ਭਾਉ ਭਗਤੀ ਵਾਹਦ-ਪ੍ਰਸਤੀ ਵਾਲੇ ਧਰਮ ਮੰਦਰ ਭਾਵੇਂ ਸਭ ਨਸ਼ਟ ਹੋ ਜਾਣ, ਪਰ ਐਸ਼-ਪ੍ਰਸਤੀ ਨਮਿਤ ਮਿਲਿਆ ਪੰਜਾਂ ਤੱਤਾਂ ਦਾ ਪੁਤਲਾ ਮਨੁਖੀ ਸਰੀਰ ਨਸ਼ਟ ਨਾ ਹੋਵੇ। ਇਹ ਨਾਸਤਕਾਂ ਦਾ ਮਨੁਖਤਵ ਹੈ। ਪਰ ਇਸ ਮਨੁਖੀ ਦੇਹੀ ਮਈ ਮੰਦਰ ਦਾ ਭਾਂਡਾ ਅਜ ਭਲਕ ਫੁਟ ਹੀ ਜਾਣਾ ਹੈ, ਰਖਿਆ ਰਹਿਣਾ ਨਹੀਂ, ਭਾਵੇਂ ਲਖ ਜਤਨ ਕੋਈ ਕਰ ਲਵੇ। ਇਹ ਇਨਸਾਨੀ ਐਸ਼-ਇਸ਼ਰਤਾਂ ਪ੍ਰਸਪਰੀ ਮੋਹ ਮਮਤਾ ਮਈ ਹੁਲਾਸ-ਬਿਲਾਸੀਆਂ ਚੰਦ ਦਿਵਸੀ, ਫੂਲੋਂ ਕੀ ਬਾਗਾਤ ਵਾਲੇ ਚਿਤ-ਪਰਚਾਵੇ ਹੀ ਹਨ।

* ਜੈਤਸਰੀ ਕੀ ਵਾਰ ਮ: ੫ (੨।੧੦) ਪੰਨਾ ੭੦੮

(੫) ਪ੍ਰੀਤ ਲਈ ਦੋ ਔਕੀੜਰ ਖ਼ਤਰੂ ਹੀ ਹਨ-

ਨਾਸਤਕੀ ਦਿਮਾਗ਼ ਨਿਤ ਬਦਲਣ ਵਾਲੇ ਆਤਮ ਪਦਾਰਥਾਂ ਨੂੰ ਭੀ ਅਨਿੱਤ (ਨਾਸ਼ਵਾਨ ਵਾਲੇ) ਪਦਾਰਥ ਮੰਨਦੇ ਹਨ, ਪਰ ਅਜਿਹੇ ਮਨੁੱਖ ਦੇਹ ਨੂੰ ਨਾਸਤਕਾਂ ਨੇ ਆਪਣੇ ਨਿੱਤ ਕਰਕੇ ਮੰਨਿਆ ਹੋਇਆ ਹੈ। ਵਾਸਤਵ ਵਿਚ ਉਹ ਸਭ ਕੁਛ ਹੀ ਨਾਸਵਾਨ ਜਾਣਦੇ ਹਨ, ਪਰ ਦਿਸਦੇ (ਦ੍ਰਿਸ਼ਟਮਾਨ) ਪਦਾਰਥਾਂ ਨੂੰ ਇਹ ਇਸ ਦੀ ਦੇਹ ਲਈ ਵਰਤਣ ਭੁਗਤਣ ਨੂੰ ਹੀ ਮਨੁੱਖ ਦੇਹ ਦਾ ਪਰਮ ਲਾਹਾ ਤਸੱਵਰ ਕਰੀ ਬੈਠੇ ਹਨ। ਦ੍ਰਿਸ਼ਟਮਾਨ ਤੋਂ ਬਿਨਾਂ ਉਹਨਾਂ ਦੇ ਭਾ ਦੀ ਅਦ੍ਰਿਸ਼ਟ ਆਤਮ ਵਸਤੂ ਤਾਂ ਉੱਕੀ ਹੈ ਹੀ ਨਹੀਂ, ਤਾਂ ਤੇ ਉਹ ਬਾਬਰ ਦੀ ਨਿਆਈਂ ਇਉਂ ਹੀ ਲੋਚਦ ਹਨ-

'ਬਾਬਰ ਬਾ ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ।'

ਅਰਥ:-ਬਾਬਰ ! ਸਦਾ ਮੌਜ ਪ੍ਰਾਪਤੀ ਦਾ ਯਤਨ ਕਰ, ਕਿਉਂਕਿ ਦੁਨੀਆ ਫੇਰ ਨਹੀਂ ਮਿਲਣੀ (ਮੁੜ ਨਹੀਂ ਆਉਣਾ, ਸਭ ਕੁਛ ਦੇਹੀ ਦੇ ਨਾਲ ਫਨਾਹ ਹੋ ਜਾਣਾ ਹੈ। ਤਾਹੀਂ ਤੇ ਉਹ ਭਾਂਡੇ ਦੇ ਟੁੱਟਣ ਤੋਂ ਤ੍ਰਾਸਮਾਨ ਹਨ ਅਤੇ ਜੋ ਇਸ ਭਾਂਡੇ ਨੂੰ ਭੰਨੇ, ਭਾਵੇਂ ਪਰਉਪਕਾਰ ਖ਼ਾਤਰ ਧਰਮ ਯੁਧ ਵਿਚ ਭੰਨੇ, ਭਾਵੇਂ ਧਰਮ ਧੱਕੇ ਨਾਲ ਭੰਨੇ, ਸੋ ਇਹਨਾਂ ਦਾ ਵੈਰੀ। ਰੱਬ ਦੇ ਵੀ ਕੱਟਰ ਵੈਰੀ ਬਣਦੇ ਹਨ ਕਿ ਧਰਮ ਹਿਤੈਸ਼ੀ ਆਤਮਕ ਪੁਰਸ਼ ਇਸ ਨੂੰ ਕਾਲ ਰੂਪ ਕਰਕੇ ਵਰਨਣ ਕਰਦੇ ਹਨ, ਇਹ ਖ਼ਿਆਲ ਇਹਨਾਂ ਨੂੰ ਨਹੀਂ ਸੁਖਾਉਂਦੇ।

ਨਰਕ ਸੁਰਗ, ਪਾਪ-ਪੁੰਨ, ਆਵਾ-ਗਵਨ ਆਦਿਕ ਆਸਤਕ ਮਸਲਿਆਂ ਨੂੰ ਭੀ ਇਹ ਲੋਕ ਤਦੇ ਹੀ ਮਨ-ਘੜਤ ਢਕੌਂਸਲੇ ਹੀ ਸਮਝਦੇ ਹਨ। ਮਜ਼ਹਬੀ ਪੇਸ਼ਵਾਵਾਂ ਦੇ ਕਥਨਾਂ ਨੂੰ ਡੂਮ-ਡਰਾਵੇ ਹੀ ਜਾਣਦੇ ਹਨ, ਬਸ 'ਏਹ ਜਗ ਮਿੱਠਾ, ਅਗਲਾ ਕਿਨ ਡਿੱਠਾ', ਅਜਿਹੇ ਸਹਿਮਾਂ ਤੋਂ ਬੇਬਾਕ ਹੋ ਕੇ ਜੀਵਨ ਨੂੰ ਗੁਜ਼ਾਰਨਾ ਹੀ ਇਹ ਪਰਮ ਆਜ਼ਾਦੀ ਸਮਝਦੇ ਹਨ। ਟਲ ਜਾਣ ਵਾਲੇ ਛਿਨ ਭੰਗਰੀ ਪਦਾਰਥਾਂ ਦੀ ਮੁਖ ਜੀਵਨੀ ਲਹਿਰ ਬਹਿਰ ਨੂੰ ਕਾਇਮ ਰਖਣਾ ਉਹ ਬ੍ਰਹਿਮੰਡ ਦੀ ਸ਼ਕਤੀ ਦੀ ਅਟੱਲਤਾ ਦਾ

ਇਨਸਾਫ਼ ਜਾਣਦੇ ਹਨ । ਅਟੱਲ ਅਦ੍ਰਿਸ਼ਟ ਪਦਾਰਥਾਂ ਦੀ ਅਟੱਲ ਨਿਯਮਤਾ ਦਾ ਨਿਮਖ ਮਾਤਰ ਭੀ ਇਹਨਾਂ ਨੂੰ ਗਿਆਨ ਬੋਧ ਨਹੀਂ । ਬੱਸ ਆਸਤਕਤਾ ਨਾਸਤਕਤਾ ਦੇ ਮਨ-ਘੜਤ ਮਸਲੇ ਬਣਾ ਬਣਾ ਕੇ ਹੀ ਚਿਤ ਪਰਚਾਉਂਦੇ ਹਨ, ਪਰ ਇਹ ਚਿਤ-ਪਰਚਾਵੇ ਕਦੋਂ ਤਾਈਂ ? ਸਭ ਮ੍ਰਿਗ-ਤ੍ਰਿਸ਼ਨਾ ਹੀ ਹੈ । ਇਹ ਮੋਹ ਮਮਤਾ ਦੀਆਂ ਸੰਗਲ ਪੈਖੜੀਆਂ ਹਨ । ਇਹ ਪ੍ਰੀਤਾਂ ਨਹੀਂ, ਫਾਸਨ ਬਿਧਿ ਰੀਤਾਂ ਹਨ–

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ
ਅਵਧ ਅਕਾਰਥ ਜਾਤ ॥ ਗਹਬਰ ਬਨ ਘੋਰ ਗਹਬਰ ਬਨ ਘੋਰ ਹੇ
ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ ॥ ...੧॥੧॥੧੪॥
[ਆਸਾ ਮ: ੫, ਪੰਨਾ ੪੬੧

ਬੁਧ ਮਤ ਅਤੇ ਜੈਨ ਮਤ ਆਮ ਦੁਨੀਆ ਅਤੇ ਸਭ ਮਤ-ਮਤਾਂਤਰਾਂ ਦੀ ਰਾਏ ਵਿਚ ਨਾਸਤਕ ਮਤ ਹਨ । ਅੱਜ ਕਲ੍ਹ ਨਵੀਨ ਦੇਵ ਸਮਾਜ ਨੂੰ ਸਭ ਦੁਨੀਆ ਆਖਦੀ ਹੈ ਕਿ ਇਹ ਨਾਸਤਕ ਮਤ ਹੈ । ਦੇਵ ਸਮਾਜੀ ਆਪ ਇਸ ਗੱਲ ਦਾ ਇਕਬਾਲ ਕਰਦੇ ਹਨ ਕਿ ਸਾਡੇ ਮਤ ਦਾ ਮੁਖ ਅਸੂਲ ਬੁਨਿਆਦੀ ਖ਼ੁਦਾ ਦੀ ਹਸਤੀ ਤੋਂ ਹੀ ਇਨਕਾਰ ਹੈ ਅਤੇ ਪ੍ਰੀਤ ਲੜੀ ਆਪ ਹੀ ਲਿਖਦਾ ਹੈ ਕਿ ਆਮ ਲੋਕ ਬੁਧ ਮਤ, ਜੈਨ ਮਤ, ਦੇਵ ਸਮਾਜ ਮਤ ਨੂੰ ਨਾਸਤਕ ਮਤ ਸਮਝਦੇ ਹਨ । ਅਰਥਾਤ, ਪ੍ਰੀਤ ਲੜੀ ਦਾ ਐਡੀਟਰ ਇਹਨਾਂ ਮਤਾਂ ਨੂੰ ਆਸਤਕ ਮਤ ਮਿਥਦਾ ਹੈ । ਦੇਵ ਸਮਾਜ ਜੈਸੇ ਨਾਸਤਕ ਮਤ ਨੂੰ ਭੀ ਆਸਤਕ ਸਮਝਣ ਵਾਲਾ ਰਸਾਲਾ ਸਾਫ਼ ਜ਼ਾਹਰ ਕਰਦਾ ਹੈ ਕਿ ਉਹ ਖ਼ੁਦ ਨਾਸਤਕ ਹੈ ਤੇ ਆਸਤਕਤਾ ਦੇ ਲਫ਼ਾਫ਼ੇ ਵਿਚ ਨਾਸਤਕਤਾ ਦਾ ਪ੍ਰਚਾਰ ਕਰਦਾ ਹੈ । ਜਿਹੜਾ ਸ਼ਖ਼ਸ ਸਭ ਦੁਨੀਆ ਅਤੇ ਸਭ ਮਤ-ਮਤਾਂਤਰਾਂ ਦੇ ਮੰਨੇ-ਪਰਮੰਨੇ ਨਾਸਤਕ ਮਤ ਨੂੰ ਹੀ ਨਾਸਤਕ ਮੰਨਣੋਂ ਮੁਕਰਦਾ ਹੈ, ਸਗੋਂ ਆਸਤਕ ਹੀ ਕਹੀ ਜਾਂਦਾ ਹੈ, ਉਹ ਆਪਣੇ ਆਪ ਨੂੰ ਕਦੋਂ ਨਾਸਤਕ ਮੰਨ ਸਕਦਾ ਹੈ ? ਤਾਂ ਤੇ ਉਸਦਾ ਆਪਣੇ ਆਪ ਨੂੰ ਆਸਤਕ ਕਹਿਣਾ ਠੀਕ ਨਹੀਂ ਹੈ । ਆਪਣੇ ਮੂੰਹੋਂ ਬਣ ਕੇ ਉਹ ਨਾਸਤਕ-ਪੁਣੇ ਦੇ ਫ਼ਤਵੇ ਤੋਂ ਬਰੀਉਲਜ਼ਿੰਮਾ ਨਹੀਂ ਹੋ ਸਕਦਾ, ਕਿਉਂਕਿ ਉਸ ਦੇ ਖ਼ਿਆਲਾਂ ਅਤੇ

ਉਸ ਦੀ ਆਪਣੀ ਲਿਖਤ ਤੋਂ ਨਾਸਤਕਤਾ ਟਪਕ ਟਪਕ ਪੈਂਦੀ ਹੈ-

'ਮੁਸ਼ਕ ਆਂ ਹਸਤ ਕਿ ਖ਼ੁਦ ਬਬੋਇਦ, ਨਾਂਕਿ ਅਤਾਰ ਗੋਇਦ।'

ਇਸ ਫ਼ਾਰਸੀ ਦੇ ਮਿਸਰੇ ਦੇ ਇਹ ਅਰਥ ਹਨ ਕਿ ਅਤਰ ਦੀ ਪਰਖ ਅਤਰ ਆਪਣੀ ਮਹਿਕ ਦੁਆਰਾ ਆਪ ਹੀ ਦੱਸ ਦਿੰਦਾ ਹੈ, ਨਾ ਕਿ ਗਾਂਧੀ (ਅਤਰ ਫ਼ਰੋਸ਼) ਦਾ ਮੂੰਹੋਂ ਕਹਿਣਾ ਕਿ ਅਤਰ ਚੰਗਾ ਜਾਂ ਮੰਦਾ ਹੈ। ਅਤਰ ਦੀ ਮਹਿਕ ਆਪ ਦੱਸ ਦਿੰਦੀ ਹੈ ਕਿ ਇਹ ਖਰਾ ਹੈ ਕਿ ਖੋਟਾ, ਅਸਲੀ ਹੈ ਜਾਂ ਨਕਲੀ। ਸੋ ਪ੍ਰੀਤ ਲੜੀ ਦੀਆਂ ਸਾਰੀਆਂ ਲਿਖਤਾਂ ਆਪਣੇ ਆਪ ਦਸ ਰਹੀਆਂ ਹਨ ਕਿ ਇਹ ਪੱਕਾ ਨਾਸਤਕ ਹੈ ਅਤੇ ਨਾਸਤਕਤਾ ਦਾ ਪਰਚਾਰ ਕਰਦਾ ਹੈ। ਏਸ ਲੇਖ ਵਿਚ ਹੀ ਉਹ ਆਪਣੇ ਗਾਹਕਾਂ ਨੂੰ ਸੰਬੋਧਨ ਕਰ ਕੇ ਲਿਖਦਾ ਹੈ-

"ਮੈਨੂੰ ਨਾ ਮੁਕਤੀ ਦੀ ਤਮੰਨਾ ਰਹੀ ਹੈ ਨਾ ਕਿਸੇ ਦਰਸ਼ਨਾਂ ਦੀ, ਨਾ ਵਿਰਸਾ ਛਡਣ ਦੀ ਨਾ ਜੀਉਂਦੇ ਰਹਿਣ ਦੀ...ਕਿਉਂਕਿ ਤੁਸੀਂ ਤੇ ਤੁਹਾਡੇ ਨਾਲ ਬਣੀ ਹੋਈ ਦੁਨੀਆ ਬੜੀ ਸੋਹਣੀ ਲੱਗੀ ਹੈ, ਜਿਨ੍ਹਾਂ ਨੇ ਮੇਰੇ ਨਿਕੇ ਜਿਹੇ ਮਨ ਦੀ ਕੋਈ ਨੁਕਰ ਖ਼ਾਲੀ ਨਹੀਂ ਛਡੀ...ਜਿਸ ਤੁਹਾਨੂੰ ਵੇਖ ਲਿਆ ਹੈ ਉਸ ਨੂੰ ਹੁਣ ਕਿਸੇ ਮੰਦਰ, ਮਸੀਤ ਦੀ ਮੁਥਾਜੀ ਨਹੀਂ ਰਹੀ, ਭਜਨ ਬੰਦਗੀ ਦੀ ਲੋੜ ਨਹੀਂ ਰਹੀ, ਮੇਰੇ ਰਾਮ ਰਹੀਮ ਤੇ ਵੇਦ ਕੁਰਾਨ ਤੁਸੀਂ ਹੀ ਹੋ...।"

ਏਸ ਲਿਖਤ ਦੇ ਹੁੰਦਿਆਂ ਹੋਰ ਟੀਕਾ ਟਿੱਪਣੀ ਦੀ ਕੀ ਲੋੜ ਹੈ, ਜਿਸ ਨੂੰ ਮੁਕਤੀ ਭਜਨ ਬੰਦਗੀ ਦੀ ਥਾਂ ਸਭ ਕੁਝ ਆਪਣੇ ਗਾਹਕ ਹੀ ਹੋਣ, ਤੇ ਜਿਸ ਨੂੰ ਸਿਵਾਏ ਏਸ ਅਪਣੇ ਵਪਾਰ ਦੇ ਹੋਰ ਕੋਈ ਚਾਹਨਾ ਨਹੀਂ, ਉਹ ਜੇ ਮਾਇਆਵਾਦੀ ਨਾਸਤਕ ਨਹੀਂ ਤਾਂ ਹੋਰ ਕੀ ਹੈ ? ਉਸ ਤੋਂ ਕਿਸੇ ਉਚ ਉਪਕਾਰ ਯਾ ਉਚ ਫ਼ਿਲਾਸਫ਼ੀ ਦੀ ਪ੍ਰਾਪਤੀ ਦਾ ਖ਼ਿਆਲ ਰਖਣਾ ਗ਼ਲਤ-ਫ਼ਹਿਮੀ ਹੈ।